23-Feb-PAGE-1.qxd 2/22/2026 9:16 PM Page 1


ਸੋਮਵਾਰ, 23 ਫਰਵਰੀ, 2026

12 ਫੱਗਣ { ਨਾਨਕਸ਼ਾਹੀ 557 / ਬਿਕਰਮੀ 2082

ਜਿਲਦ/VOL. : 74

ਅੰਕ/NO. : 264

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • MONDAY, 23 FEBRUARY, 2026 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12


# ਗਿਆਨੀ ਰਘਬੀਰ ਸਿੰਘ ਦਾ ਐੱਸ ਜੀ ਪੀ ਸੀ ਨੂੰ ਮੋੜਵਾਂ ਅਲਟੀਮੇਟਮ

## ਜਥੇਦਾਰ ਗੌਹਰ-ਏ-ਮਸਕੀਨ ਵੱਲੋਂ ਗਿਆਨੀ ਰਘਬੀਰ ਸਿੰਘ ਤੇ ਗਿਆਨੀ ਹਰਪ੍ਰੀਤ ਸਿੰਘ ਦੀ ਅਕਾਲ ਤਖ਼ਤ 'ਤੇ ਸ਼ਿਕਾਇਤ



**ਅੰਮ੍ਰਿਤਸਰ** : ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਰਘਬੀਰ ਸਿੰਘ ਨੇ ਐਤਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ ਜੀ ਪੀ ਸੀ) ਨੂੰ 72 ਘੰਟਿਆਂ ਦਾ ਜਵਾਬੀ ਅਲਟੀਮੇਟਮ ਦਿੱਤਾ, ਜਿਸ ਵਿੱਚ ਉਨ੍ਹਾ ਵੱਲੋਂ ਲਗਾਏ ਗਏ ਭ੍ਰਿਸ਼ਟਾਚਾਰ ਦੇ ਦੋਸ਼ਾਂ ਦਾ ਜਵਾਬ ਮੰਗਿਆ ਗਿਆ ਹੈ। ਇਹ ਕਦਮ ਐੱਸ ਜੀ ਪੀ ਸੀ ਵੱਲੋਂ 19 ਫਰਵਰੀ ਨੂੰ ਉਨ੍ਹਾ ਨੂੰ ਦਿੱਤੇ ਗਏ 72 ਘੰਟਿਆਂ ਦੇ ਅਲਟੀਮੇਟਮ ਤੋਂ ਬਾਅਦ ਆਇਆ ਹੈ, ਜੋ ਉਨ੍ਹਾ ਵੱਲੋਂ ਜਲੰਧਰ ਵਿੱਚ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਐੱਸ ਜੀ ਪੀ ਸੀ ਅਤੇ ਬਾਦਲਾਂ 'ਤੇ ਭ੍ਰਿਸ਼ਟਾਚਾਰ ਦੇ ਦੋਸ਼ ਲਗਾਉਣ ਤੋਂ ਇੱਕ ਦਿਨ ਬਾਅਦ ਦਿੱਤਾ ਗਿਆ ਸੀ।

ਇੱਕ ਵੀਡੀਓ ਸੰਦੇਸ਼ ਵਿੱਚ ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾ ਨੇ ਸੱਚ ਬੋਲ ਕੇ ਆਪਣੇ ਧਰਮ ਪ੍ਰਤੀ ਫਰਜ਼ ਨਿਭਾਇਆ ਹੈ। ਉਹ ਐੱਸ ਜੀ ਪੀ ਸੀ ਦੇ ਉਸ ਅਲਟੀਮੇਟਮ ਦਾ ਜਵਾਬ ਦੇ ਰਹੇ ਸਨ, ਜਿਸ ਵਿੱਚ ਉਨ੍ਹਾ ਨੂੰ ਆਪਣੇ ਦੋਸ਼ਾਂ ਦੇ ਸਮਰਥਨ ਵਿੱਚ ਲਿਖਤੀ ਸਬੂਤ ਪੇਸ਼ ਕਰਨ ਲਈ ਕਿਹਾ ਗਿਆ ਸੀ। ਗਿਆਨੀ ਰਘਬੀਰ ਸਿੰਘ ਨੇ ਕਿਹਾ ਕਿ ਉਨ੍ਹਾ ਨੇ ਮੀਡੀਆ ਕੋਲ ਸੰਬੰਧਤ ਤੱਥ ਰੱਖੇ ਹਨ ਅਤੇ ਉਹ ਸੰਗਤ ਨਾਲ ਸੱਚ ਸਾਂਝਾ ਕਰਨ ਤੋਂ ਪਿੱਛੇ ਨਹੀਂ ਹਟਣਗੇ। ਉਨ੍ਹਾ ਦੱਸਿਆ ਕਿ ਉਨ੍ਹਾ ਨੂੰ ਐੱਸ ਜੀ ਪੀ ਸੀ ਦੇ ਨੋਟਿਸ ਬਾਰੇ ਸੋਸ਼ਲ ਮੀਡੀਆ ਰਾਹੀਂ ਪਤਾ ਲੱਗਿਆ ਕਿਉਂਕਿ ਉਹ ਉਸ ਸਮੇਂ ਪੰਜਾਬ ਤੋਂ ਬਾਹਰ ਸਨ। ਗਿਆਨੀ ਰਘਬੀਰ ਸਿੰਘ ਨੇ ਦੋਸ਼ ਲਾਇਆ ਕਿ ਜਦੋਂ ਸੰਸਥਾ ਦੇ ਅੰਦਰ ਰੋਜ਼ਾਨਾ ਅਧਾਰ 'ਤੇ ਬੇਨਿਯਮੀਆਂ ਹੋ ਰਹੀਆਂ ਸਨ, ਜਿਨ੍ਹਾਂ ਮੁੱਦਿਆਂ 'ਤੇ ਐੱਸ ਜੀ ਪੀ ਸੀ ਪ੍ਰਧਾਨ ਨੇ ਖੁਦ ਸੰਗਤ ਤੋਂ ਮੁਆਫੀ ਮੰਗੀ ਸੀ, ਤਾਂ ਸਵਾਲ ਚੁੱਕਣ ਵਾਲਿਆਂ ਨੂੰ ਨੋਟਿਸ ਜਾਰੀ ਕਰਨਾ ਜਾਇਜ਼ ਨਹੀਂ ਸੀ।

ਉਨ੍ਹਾ ਇਹ ਵੀ ਦਾਅਵਾ ਕੀਤਾ ਕਿ ਉਨ੍ਹਾ ਕੋਲ ਉਠਾਏ ਗਏ ਹਰ ਸਵਾਲ ਨਾਲ ਸੰਬੰਧਤ ਦਸਤਾਵੇਜ਼ ਅਤੇ ਸਬੂਤ ਮੌਜੂਦ ਹਨ। ਉਨ੍ਹਾ ਕਿਹਾ ਕਿ ਇਹ ਲੜਾਈ ਕਿਸੇ ਖਾਸ ਵਿਅਕਤੀ ਵਿਰੁੱਧ ਨਹੀਂ ਹੈ, ਸਗੋਂ ਇਸ ਦਾ ਉਦੇਸ਼ ਧਾਰਮਿਕ ਸੰਸਥਾਵਾਂ ਦੀ ਪਵਿੱਤਰਤਾ ਅਤੇ ਪਾਰਦਰਸ਼ਤਾ ਨੂੰ ਬਰਕਰਾਰ ਰੱਖਣਾ ਹੈ।

ਇਸੇ ਦੌਰਾਨ ਤਖਤ ਸ੍ਰੀ ਪਟਨਾ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ ਨੇ ਸ੍ਰੀ ਅਕਾਲ ਤਖਤ ਸਾਹਿਬ ਨੂੰ ਮੰਗ-ਪੱਤਰ ਸੌਂਪ ਕੇ ਗਿਆਨੀ ਰਘਬੀਰ ਸਿੰਘ ਅਤੇ ਸਾਬਕਾ ਜਥੇਦਾਰ ਤੇ ਸ਼੍ਰੋਮਣੀ ਅਕਾਲੀ ਦਲ (ਪੁਨਰ ਸੁਰਜੀਤ) ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਦੀਆਂ ਜਾਇਦਾਦਾਂ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ।

ਉਨ੍ਹਾ ਦਾਅਵਾ ਕੀਤਾ ਹੈ ਕਿ ਪਾਸ਼ ਇਲਾਕਿਆਂ ਵਿੱਚ ਇਨ੍ਹਾਂ ਦੀਆਂ ਕੋਠੀਆਂ ਹਨ ਅਤੇ ਜਥੇਦਾਰ ਦੇ ਅਹੁਦੇ 'ਤੇ ਰਹਿ ਕੇ ਇਨ੍ਹਾਂ ਕੋਲ ਕਿਸ ਤਰ੍ਹਾਂ ਏਨੇ ਪੈਸੇ ਇਕੱਤਰ ਹੋਏ, ਇਸ ਦੀ ਜਾਣਕਾਰੀ ਜ਼ਰੂਰ ਮਿਲਣੀ ਚਾਹੀਦੀ ਹੈ।

# ਹੈਰੋਇਨ ਤਸਕਰੀ 'ਚ ਫੌਜੀ, ਸਾਬਕਾ ਪੁਲਸ ਮੁਲਾਜ਼ਮ ਤੇ ਦੋ ਬੀਬੀਆਂ ਸਣੇ 6 ਫੜੇ

**ਫਰੀਦਕੋਟ (ਐਲਿਗਜੈਂਡਰ ਡਿਸੂਜਾ)**



ਪੰਜਾਬ ਪੁਲਸ ਨੇ ਫਰੀਦਕੋਟ ਵਿੱਚ ਹੈਰੋਇਨ ਤਸਕਰੀ ਦੇ ਨੈੱਟਵਰਕ ਦਾ ਪਰਦਾਫਾਸ਼ ਕਰਦਿਆਂ ਇੱਕ ਮੌਜੂਦਾ ਫੌਜੀ ਅਤੇ ਪੁਲਸ ਦੇ ਬਰਖਾਸਤ ਮੁਲਾਜ਼ਮ ਸਮੇਤ 6 ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਡੀ ਜੀ ਪੀ ਗੌਰਵ ਯਾਦਵ ਨੇ ਦੱਸਿਆ ਕਿ ਫਰੀਦਕੋਟ ਪੁਲਸ ਨੇ ਲੱਗਭੱਗ ਦੋ ਮਹੀਨਿਆਂ ਦੀ ਮਿਹਨਤ ਅਤੇ ਜੇਲ੍ਹ ਅਧਾਰਤ ਖੁਫੀਆ ਜਾਣਕਾਰੀ ਤੋਂ ਬਾਅਦ ਗ੍ਰੋਹ ਨੂੰ ਕਾਬੂ ਕੀਤਾ ਹੈ। ਇਨ੍ਹਾਂ ਦੇ ਕਬਜ਼ੇ ਵਿੱਚੋਂ 4.8 ਕਿੱਲੋ ਹੈਰੋਇਨ, ਇੱਕ ਹਥਿਆਰ ਅਤੇ ਤਸਕਰੀ ਵਿੱਚ ਵਰਤੀਆਂ ਜਾਣ ਵਾਲੀਆਂ ਥਾਰ ਅਤੇ ਐੱਕਸ ਯੂ ਵੀ ਵਰਗੀਆਂ ਲਗਜ਼ਰੀ ਗੱਡੀਆਂ ਬਰਾਮਦ ਕੀਤੀਆਂ ਹਨ।

ਐੱਸ ਐੱਸ ਪੀ ਡਾ. ਪ੍ਰਗਿਆ ਜੈਨ ਨੇ ਪ੍ਰੈੱਸ ਕਾਨਫਰੰਸ ਦੌਰਾਨ ਦੱਸਿਆ ਕਿ ਸੀ ਆਈ ਏ ਸਟਾਫ ਫਰੀਦਕੋਟ ਦੀਆਂ ਟੀਮਾਂ ਨੇ ਗੁਪਤ ਸੂਚਨਾ ਦੇ ਅਧਾਰ 'ਤੇ 20-21 ਫਰਵਰੀ ਦੀ ਰਾਤ ਨੂੰ ਗ੍ਰੀਨ ਐਵੇਨਿਊ ਕੋਲ ਨਾਕਾਬੰਦੀ ਕੀਤੀ ਸੀ। ਸ਼ੱਕ ਦੇ ਅਧਾਰ 'ਤੇ ਇੱਕ ਥਾਰ ਨੂੰ ਰੋਕਿਆ, ਜਿਸ ਵਿੱਚ ਸਵਾਰ ਜਰਨੈਲ ਸਿੰਘ ਉਰਫ਼ ਗੋਲਡੀ (ਲੁਧਿਆਣਾ), ਰਮਨਦੀਪ ਕੌਰ (ਮੋਗਾ), ਸਰਬਜੀਤ ਸਿੰਘ ਅਤੇ ਅੰਮ੍ਰਿਤਪਾਲ ਸਿੰਘ (ਮੋਗਾ) ਦੀ ਤਲਾਸ਼ੀ ਲਈ ਗਈ। ਗੱਡੀ ਵਿੱਚੋਂ 1 ਕਿੱਲੋ 8 ਗ੍ਰਾਮ ਹੈਰੋਇਨ ਅਤੇ 30,000 ਰੁਪਏ ਡਰੱਗ ਮਨੀ ਬਰਾਮਦ ਹੋਈ।ਪੁੱਛਗਿੱਛ ਦੌਰਾਨ ਖੁਲਾਸਾ ਹੋਇਆ ਕਿ ਇਹ ਖੇਪ ਅਮਰਦੀਪ ਸਿੰਘ ਉਰਫ ਬੌਕਸਰ ਨੇ 2.60 ਲੱਖ ਰੁਪਏ ਦੇ ਬਦਲੇ ਸਪਲਾਈ ਕੀਤੀ ਸੀ। ਪੁਲਸ ਨੇ ਪਿੱਛਾ ਕਰਕੇ ਬੌਕਸਰ ਅਤੇ ਉਸ ਦੀ ਸਾਥੀ ਡਿੰਪਲ ਰਾਣੀ ਨੂੰ ਪਿੰਡ ਗੋਲੇਆਣਾ ਨੇੜਿਓਂ ਐੱਕਸ ਯੂ ਵੀ-500 ਗੱਡੀ ਸਮੇਤ ਕਾਬੂ ਕੀਤਾ। ਇਨ੍ਹਾਂ ਕੋਲੋਂ 3.796 ਕਿੱਲੋ ਹੈਰੋਇਨ ਤੇ ਇੱਕ .30 ਬੋਰ ਪਿਸਟਲ ਬਰਾਮਦ ਹੋਇਆ।ਬੌਕਸਰ ਪੀ ਏ ਪੀ ਦਾ ਬਰਖ਼ਾਸਤ ਕਰਮਚਾਰੀ ਹੈ, ਜਦਕਿ ਉਸ ਦਾ ਸਾਥੀ ਜਰਨੈਲ ਸਿੰਘ ਫੌਜ ਵਿੱਚ ਸੇਵਾ ਨਿਭਾ ਰਿਹਾ ਹੈ।ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਡਰੋਨ ਰਾਹੀਂ ਹੈਰੋਇਨ ਦੀਆਂ ਖੇਪਾਂ ਭਾਰਤੀ ਸਰਹੱਦ ਵਿੱਚ ਮੰਗਵਾਈਆਂ ਜਾਂਦੀਆਂ ਸਨ। ਫੜੇ ਗਏ ਮੁਲਜ਼ਮਾਂ ਖਿਲਾਫ ਪਹਿਲਾਂ ਵੀ ਨਸ਼ਾ ਤਸਕਰੀ ਦੇ ਕੁੱਲ 12 ਮੁਕੱਦਮੇ ਦਰਜ ਹਨ।

## ਪੰਜ ਅਧਿਆਪਕ ਗ੍ਰਿਫਤਾਰ

**ਭੁਬਨੇਸ਼ਵਰ** : ਓਡੀਸ਼ਾ ਦੇ ਕੇਂਦਰਪਾੜਾ ਜ਼ਿਲ੍ਹੇ ਵਿੱਚ ਨਿੱਜੀ ਸਕੂਲ ਦੇ ਪੰਜ ਅਧਿਆਪਕਾਂ ਨੂੰ 13 ਸਾਲਾ ਕੁੜੀ ਨਾਲ ਜਬਰ-ਜ਼ਨਾਹ ਕਰਨ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਇਹ ਗ੍ਰਿਫਤਾਰੀਆਂ ਸ਼ਨੀਵਾਰ ਕੀਤੀਆਂ ਗਈਆਂ ਜਦੋਂ ਸੱਤਵੀਂ ਜਮਾਤ ਦੀ ਵਿਦਿਆਰਥਣ ਦੇ ਪਿਤਾ ਅਤੇ ਜ਼ਿਲ੍ਹਾ ਬਾਲ ਭਲਾਈ ਕਮੇਟੀ ਨੇ ਰਾਜਕਨਿਕਾ ਪੁਲਸ ਸਟੇਸ਼ਨ ਵਿੱਚ ਵੱਖ-ਵੱਖ ਸ਼ਿਕਾਇਤਾਂ ਦਰਜ ਕਰਵਾਈਆਂ। ਕੁੜੀ ਨੇ ਦੋਸ਼ ਲਾਇਆ ਕਿ ਇਹ ਅਧਿਆਪਕ ਲੰਬੇ ਸਮੇਂ ਤੋਂ ਉਸ ਦਾ ਜਿਨਸੀ ਸ਼ੋਸ਼ਣ ਕਰ ਰਹੇ ਸਨ, ਜਿਸ ਤੋਂ ਬਾਅਦ ਮਾਪਿਆਂ ਨੇ ਬਾਲ ਭਲਾਈ ਕਮੇਟੀ ਤੱਕ ਪਹੁੰਚ ਕੀਤੀ।

## ਬੰਗਲਾਦੇਸ਼ੀਆਂ ਸਣੇ 8 ਸ਼ੱਕੀ ਫੜੇ

**ਨਵੀਂ ਦਿੱਲੀ** : ਕੇਂਦਰੀ ਖੁਫੀਆ ਏਜੰਸੀਆਂ ਅਤੇ ਪੁਲਸ ਨੇ ਸਾਂਝੇ ਅਪ੍ਰੇਸ਼ਨ ਦੌਰਾਨ ਦਿੱਲੀ ਵਿੱਚ ਵੱਡੀ ਅੱਤਵਾਦੀ ਘਟਨਾ ਦੀ ਸਾਜ਼ਿਸ਼ ਦਾ ਪਰਦਾਫਾਸ਼ ਕਰਦਿਆਂ ਅੱਠ ਸ਼ੱਕੀਆਂ ਨੂੰ ਕਾਬੂ ਕੀਤਾ ਹੈ। ਇਨ੍ਹਾਂ ਵਿੱਚੋਂ ਛੇ ਮੁਲਜ਼ਮਾਂ ਨੂੰ ਤਾਮਿਲਨਾਡੂ ਦੇ ਵੱਖ-ਵੱਖ ਹਿੱਸਿਆਂ ਤੋਂ ਗ੍ਰਿਫਤਾਰ ਕੀਤਾ ਗਿਆ ਹੈ, ਜਿਨ੍ਹਾਂ ਵਿੱਚੋਂ ਕੁਝ ਬੰਗਲਾਦੇਸ਼ੀ ਨਾਗਰਿਕ ਦੱਸੇ ਜਾ ਰਹੇ ਹਨ।

ਸੂਤਰਾਂ ਅਨੁਸਾਰ ਇਹ ਮੋਡਿਊਲ ਪਾਕਿਸਤਾਨ ਦੀ ਖੁਫੀਆ ਏਜੰਸੀ ਆਈ ਐੱਸ ਆਈ ਅਤੇ ਲਸ਼ਕਰ-ਏ-ਤੋਇਬਾ ਦੇ ਇਸ਼ਾਰੇ 'ਤੇ ਭਾਰਤ ਦੇ ਪ੍ਰਮੁੱਖ ਧਾਰਮਿਕ ਸਥਾਨਾਂ ਅਤੇ ਲਾਲ ਕਿਲ੍ਹੇ ਵਰਗੇ ਇਤਿਹਾਸਕ ਸਥਾਨਾਂ 'ਤੇ ਵਿਸਫੋਟਕ ਹਮਲੇ ਕਰਨ ਦੀ ਸਾਜ਼ਿਸ਼ ਰਚ ਰਿਹਾ ਸੀ।

ਮੁਲਜ਼ਮਾਂ ਕੋਲੋਂ ਦਰਜਨਾਂ ਮੋਬਾਈਲ ਫੋਨ ਅਤੇ ਸਿਮ ਕਾਰਡ ਬਰਾਮਦ ਕੀਤੇ ਗਏ ਹਨ। ਖੁਫੀਆ ਏਜੰਸੀਆਂ ਨੇ ਪਹਿਲਾਂ ਹੀ ਅਲਰਟ ਜਾਰੀ ਕੀਤਾ ਸੀ ਕਿ ਅੱਤਵਾਦੀ ਸਮੂਹ 6 ਫਰਵਰੀ ਨੂੰ ਇਸਲਾਮਾਬਾਦ ਦੀ ਇੱਕ ਮਸਜਿਦ ਵਿੱਚ ਹੋਏ ਧਮਾਕੇ ਦਾ ਬਦਲਾ ਲੈਣ ਦੀ ਫਿਰਾਕ ਵਿੱਚ ਹਨ।

## ਅੱਗ ਬੁਝਾਉਣ ਵੇਲੇ ਸਿਲੰਡਰ ਫਟਿਆ, 13 ਜ਼ਖਮੀ

**ਨਵੀਂ ਦਿੱਲੀ** : ਉੱਤਰ-ਪੱਛਮੀ ਦਿੱਲੀ ਦੇ ਮਜਲਿਸ ਪਾਰਕ ਵਿੱਚ ਘਰ ਨੂੰ ਲੱਗੀ ਅੱਗ ਬੁਝਾਉਣ ਦੌਰਾਨ ਸਿਲੰਡਰ ਫਟਣ ਕਾਰਨ 13 ਲੋਕ ਜ਼ਖਮੀ ਹੋ ਗਏ। ਜ਼ਖਮੀਆਂ ਵਿੱਚ 6 ਪੁਲਸ ਅਤੇ ਫਾਇਰ ਬ੍ਰਿਗੇਡ ਕਰਮਚਾਰੀ ਵੀ ਹਨ। ਇਹ ਸਵੇਰੇ ਕਰੀਬ 9 ਵਜੇ ਲੱਗੀ ਅੱਗ ਨੂੰ ਬੁਝਾਉਣ ਦੀ ਕੋਸ਼ਿਸ਼ ਕਰ ਰਹੇ ਸਨ।

## ਲਿਵ-ਇਨ ਪਾਰਟਨਰ ਹੋਈ ਬੇਰਹਿਮੀ ਦਾ ਸ਼ਿਕਾਰ

**ਗੁਰੂਗ੍ਰਾਮ** : ਇੱਥੇ 19 ਸਾਲਾ ਮੁਟਿਆਰ ਆਪਣੇ ਲਿਵ-ਇਨ ਪਾਰਟਨਰ ਦੀ ਬੇਰਹਿਮੀ ਦਾ ਸ਼ਿਕਾਰ ਹੋ ਕੇ ਦਿੱਲੀ ਦੇ ਸਫਦਰਜੰਗ ਹਸਪਤਾਲ ਵਿੱਚ ਨਾਜ਼ੁਕ ਹਾਲਤ ਵਿੱਚ ਹੈ। ਦਰਅਸਲ ਤ੍ਰਿਪੁਰਾ ਦੀ ਰਹਿਣ ਵਾਲੀ ਪੀੜਤਾ ਨੇ ਗੁਰੂਗ੍ਰਾਮ ਪੁਲਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਉਹ ਮੁਲਜ਼ਮ ਸ਼ਿਵਮ ਨਾਲ ਬਿਨਾਂ ਵਿਆਹ ਕਰਾਏ ਰਹਿ ਰਹੀ ਸੀ। ਜਦੋਂ ਉਸ ਨੇ ਵਿਆਹ ਲਈ ਸ਼ਿਵਮ ਨੂੰ ਕਿਹਾ ਤਾਂ ਮੁਲਜ਼ਮ ਨੇ ਉਸ ਦੇ ਗੁਪਤ ਅੰਗਾਂ 'ਤੇ ਸੈਨੀਟਾਈਜ਼ਰ ਪਾ ਕੇ ਅੱਗ ਲਗਾ ਦਿੱਤੀ ਅਤੇ ਫਿਰ ਉਸ ਦੇ ਸਿਰ 'ਤੇ ਧਾਤ ਦੀ ਬੋਤਲ ਨਾਲ ਵਾਰ ਕੀਤਾ ਤੇ ਫਿਰ ਫਰਨੀਚਰ ਵਿੱਚ ਜਾ ਮਾਰਿਆ। ਇਸ ਤੋਂ ਬਾਅਦ ਵੀ ਸ਼ਿਵਮ ਨੇ ਚਾਕੂ ਨਾਲ ਹਮਲਾ ਕੀਤਾ। ਪੀੜਤਾ, ਜੋ ਕਿ ਬਾਇਓਟੈਕਨਾਲੋਜੀ ਦੀ ਵਿਦਿਆਰਥਣ ਹੈ, 19 ਫਰਵਰੀ ਨੂੰ ਵਿਆਹ ਦੀਆਂ ਗੱਲਾਂ 'ਤੇ ਹੋਈ ਬਹਿਸ ਤੋਂ ਬਾਅਦ ਹਮਲੇ ਦਾ ਸ਼ਿਕਾਰ ਹੋਈ। ਪੁਲਸ ਅਨੁਸਾਰ, ਇਹ ਦੋਵੇਂ ਸਤੰਬਰ 2025 ਵਿੱਚ ਇੱਕ ਆਨਲਾਈਨ ਡੇਟਿੰਗ ਐਪ ਰਾਹੀਂ ਮਿਲੇ ਸਨ ਅਤੇ ਸੈਕਟਰ 69 ਵਿੱਚ ਇਕੱਠੇ ਰਹਿ ਰਹੇ ਸਨ। ਡੀ ਸੀ ਪੀ ਹਿਤੇਸ਼ ਯਾਦਵ ਨੇ ਦੱਸਿਆ ਕਿ ਮਾਮਲਾ ਉਦੋਂ ਸਾਹਮਣੇ ਆਇਆ ਜਦੋਂ ਪੀੜਤਾ ਦੀ ਮਾਂ ਨੇ ਪੁਲਸ ਨੂੰ ਸੂਚਿਤ ਕੀਤਾ।

# ਹਰਿਆਣਾ ਸਰਕਾਰ ਦੇ ਖਾਤਿਆਂ 'ਚ 590 ਕਰੋੜ ਦੀ ਧੋਖਾਧੜੀ

**ਮੁੰਬਈ** : ਨਿੱਜੀ ਖੇਤਰ ਦੀ ਆਈ ਡੀ ਐੱਫ ਸੀ ਫਸਟ ਬੈਂਕ ਨੇ ਖੁਲਾਸਾ ਕੀਤਾ ਹੈ ਕਿ ਉਸ ਦੇ ਸਟਾਫ ਅਤੇ ਹੋਰਾਂ ਵੱਲੋਂ ਇਸ ਬੈਂਕ ਵਿੱਚ ਹਰਿਆਣਾ ਸਰਕਾਰ ਦੇ ਖਾਤਿਆਂ 'ਚ 590 ਕਰੋੜ ਰੁਪਏ ਦੀ ਧੋਖਾਧੜੀ ਕੀਤੀ ਗਈ ਹੈ। ਇੱਕ ਰੈਗੂਲੇਟਰੀ ਫਾਈਲਿੰਗ ਵਿੱਚ ਬੈਂਕ ਨੇ ਦੱਸਿਆ ਕਿ ਉਸ ਨੇ ਇਸ ਮਾਮਲੇ ਦੀ ਜਾਣਕਾਰੀ ਬੈਂਕਿੰਗ ਰੈਗੂਲੇਟਰ ਨੂੰ ਦੇ ਦਿੱਤੀ ਹੈ ਅਤੇ ਪੁਲਸ ਸ਼ਿਕਾਇਤ ਵੀ ਦਰਜ ਕਰਵਾਈ ਹੈ। ਬੈਂਕ ਦੀ ਫਾਈਲਿੰਗ ਅਨੁਸਾਰ ਪਹਿਲੀ ਨਜ਼ਰੇ ਚੰਡੀਗੜ੍ਹ ਦੀ ਇੱਕ ਖਾਸ ਸ਼ਾਖਾ ਦੇ ਕੁਝ ਮੁਲਾਜ਼ਮਾਂ ਵੱਲੋਂ ਹਰਿਆਣਾ ਰਾਜ ਸਰਕਾਰ ਦੇ ਖਾਸ ਖਾਤਿਆਂ ਵਿੱਚ ਅਣਅਧਿਕਾਰਤ ਅਤੇ ਧੋਖਾਧੜੀ ਵਾਲੀਆਂ ਗਤੀਵਿਧੀਆਂ ਕੀਤੀਆਂ ਗਈਆਂ ਹਨ, ਜਿਸ ਵਿੱਚ ਸੰਭਾਵੀ ਤੌਰ 'ਤੇ ਹੋਰ ਵਿਅਕਤੀ ਤੇ ਸੰਸਥਾਵਾਂ ਦੀ ਸ਼ਮੂਲੀਅਤ ਸਾਹਮਣੇ ਆਈ ਹੈ।

ਬੈਂਕ ਨੇ ਦੱਸਿਆ ਕਿ ਹਰਿਆਣਾ ਸਰਕਾਰ ਦੇ ਇੱਕ ਵਿਭਾਗ ਦਾ ਬੈਂਕ ਵਿੱਚ ਖਾਤਾ ਸੀ। ਵਿਭਾਗ ਨੇ ਖਾਤਾ ਬੰਦ ਕਰਨ ਅਤੇ ਬਕਾਇਆ ਰਾਸ਼ੀ ਦੂਜੇ ਬੈਂਕ ਵਿੱਚ ਤਬਦੀਲ ਕਰਨ ਦੀ ਬੇਨਤੀ ਕੀਤੀ। ਇਸ ਪ੍ਰਕਿਰਿਆ ਵਿੱਚ ਦੱਸੀ ਗਈ ਰਾਸ਼ੀ ਅਤੇ ਖਾਤੇ ਵਿੱਚ ਮੌਜੂਦ ਬਕਾਏ ਵਿੱਚ ਅੰਤਰ ਪਾਇਆ ਗਿਆ। ਇਸ ਤੋਂ ਬਾਅਦ 18 ਫਰਵਰੀ ਤੋਂ ਹੋਰ ਸਰਕਾਰੀ ਖਾਤਿਆਂ ਦੀ ਜਾਂਚ ਕੀਤੀ ਗਈ ਤਾਂ ਉੱਥੇ ਵੀ ਅਜਿਹੀਆਂ ਹੀ ਦਿੱਕਤਾਂ ਸਾਹਮਣੇ ਆਈਆਂ।

ਬੈਂਕ ਨੇ ਚਾਰ ਅਧਿਕਾਰੀਆਂ ਨੂੰ ਜਾਂਚ ਪੂਰੀ ਹੋਣ ਤੱਕ ਮੁਅੱਤਲ ਕਰ ਦਿੱਤਾ ਹੈ। ਇਸ ਤੋਂ ਇਲਾਵਾ ਬੈਂਕ ਨੇ ਇੱਕ ਸੁਤੰਤਰ ਬਾਹਰੀ ਏਜੰਸੀ ਰਾਹੀਂ ਫੋਰੈਂਸਿਕ ਆਡਿਟ ਕਰਵਾਉਣ ਦਾ ਫੈਸਲਾ ਕੀਤਾ ਹੈ। ਸ਼ੱਕੀ ਖਾਤਿਆਂ ਵਿੱਚ ਮੌਜੂਦ ਰਾਸ਼ੀ ਨੂੰ ਫਰੀਜ਼ ਕਰਨ ਲਈ ਸੰਬੰਧਤ ਬੈਂਕਾਂ ਨੂੰ ਪੈਸੇ ਵਾਪਸ ਮੰਗਣ ਦੀ ਬੇਨਤੀ ਭੇਜੀ ਗਈ ਹੈ। ਬੈਂਕ ਨੇ ਸਪੱਸ਼ਟ ਕੀਤਾ ਕਿ ਇਹ ਮਾਮਲਾ ਸਿਰਫ ਹਰਿਆਣਾ ਸਰਕਾਰ ਨਾਲ ਜੁੜੇ ਖਾਤਿਆਂ ਤੱਕ ਸੀਮਤ ਹੈ ਅਤੇ ਚੰਡੀਗੜ੍ਹ ਸ਼ਾਖਾ ਦੇ ਹੋਰ ਗਾਹਕਾਂ 'ਤੇ ਇਸ ਦਾ ਕੋਈ ਅਸਰ ਨਹੀਂ ਪਿਆ।

# ਏ ਐੱਸ ਆਈ ਤੇ ਹੋਮਗਾਰਡ ਦੀ ਭੇਦਭਰੀ ਹਾਲਤ 'ਚ ਮੌਤ

**ਗੁਰਦਾਸਪੁਰ (ਜਨਕ ਮਹਾਜਨ)**

■ ਸਰਹੱਦੀ ਪਿੰਡ ਆਦੀਆਂ ਦੀ ਚੈੱਕ ਪੋਸਟ 'ਚ ਗੋਲੀਆਂ ਨਾਲ ਵਿੰਨ੍ਹੇ ਮਿਲੇ

ਗੁਰਦਾਸਪੁਰ ਦੇ ਥਾਣਾ ਦੋਰਾਂਗਲਾ ਦੇ ਤਹਿਤ ਆਉਂਦੇ ਸਰਹੱਦੀ ਪਿੰਡ ਆਦੀਆਂ ਦੀ ਚੈੱਕ ਪੋਸਟ 'ਤੇ ਬੀਤੀ ਦੇਰ ਰਾਤ ਦੋ ਪੁਲਿਸ ਕਰਮੀਆਂ ਦੀ ਭੇਦ ਭਰੇ ਹਾਲਾਤ ਵਿੱਚ ਮੌਤ ਹੋ ਜਾਣ ਦੀ ਖਬਰ ਹੈ।ਦੋਵੇਂ ਪੁਲਸ ਮੁਲਾਜ਼ਮ ਡਿਊਟੀ 'ਤੇ ਤੈਨਾਤ ਸਨ ਜਿਨ੍ਹਾਂ ਦੀ ਗੋਲੀਆਂ ਲੱਗਣ ਨਾਲ ਮੌਤ ਹੋ ਗਈ । ਮੌਕੇ ਉਪਰ ਡੀ ਆਈ ਜੀ ਬਾਰਡਰ ਰੇਂਜ ਵੀ ਪਹੁੰਚੇ।ਪੁਲਸ ਕਰਮੀਆਂ ਦੇ ਪਰਿਵਾਰਾਂ ਨੇ ਇਸ ਗੱਲ ਨੂੰ ਸਿਰੇ ਤੋਂ ਨਕਾਰਿਆ ਹੈ ਕਿ ਦੋਹਾਂ ਨੇ ਇੱਕ ਦੂਜੇ 'ਤੇ ਗੋਲੀਆਂ ਚਲਾਈਆਂ । ਦੋਹਾਂ ਦੇ ਪਰਿਵਾਰਾਂ ਨੇ ਕਿਹਾ ਕਿ ਇਹ ਗੱਲ ਸਾਬਤ ਹੋ ਗਈ ਹੈ ਕਿ ਪੁਲਿਸ ਕਰਮੀਆਂ ਦੇ ਹਥਿਆਰਾਂ ਵਿੱਚ ਪੂਰੀਆਂ ਗੋਲੀਆਂ ਹਨ ਅਤੇ ਜਿਸ ਹਾਲਾਤ ਵਿੱਚ ਉਹਨਾਂ ਦੀਆਂ ਲਾਸ਼ਾਂ ਮਿਲੀਆਂ ਹਨ , ਉਹਨਾਂ ਤੋਂ ਸਾਫ ਹੈ ਕਿ ਉਹਨਾਂ 'ਤੇ ਸੁੱਤੇ ਪਏ ਗੋਲੀਆਂ ਚਲਾਈਆਂ ਗਈਆਂ ਹਨ। ਏ ਐਸ ਆਈ ਗੁਰਨਾਮ ਸਿੰਘ ਦੇ ਬੇਟੇ ਸੰਦੀਪ ਸਿੰਘ ਅਤੇ ਹੋਮਗਾਰਡ ਦੇ ਜਵਾਨ ਅਸ਼ੋਕ ਕੁਮਾਰ ਦੇ ਬੇਟੇ ਸੰਦੀਪ ਕੁਮਾਰ ਨੇ ਦੱਸਿਆ ਕਿ ਦੋਵੇਂ ਇੱਕ ਦੂਜੇ ਦੇ ਮਿਤਰ ਸਨ ਅਤੇ ਬੜੇ ਤਰੀਕੇ ਨਾਲ ਨਾਕੇ 'ਤੇ ਡਿਊਟੀ ਦਿੰਦੇ ਸੀ । ਸਿੱਧੇ ਤੌਰ 'ਤੇ ਉਹਨਾਂ ਦਾ ਕਤਲ ਕੀਤਾ ਗਿਆ ਅਤੇ ਉਹਨਾਂ ਨੂੰ ਉਮੀਦ ਹੈ ਕਿ ਪੁਲਿਸ ਮ੍ਰਿਤਕ ਪੁਲਿਸ ਕਰਮੀਆਂ ਦੇ ਪਰਿਵਾਰਾਂ ਨੂੰ ਇਨਸਾਫ ਦਵੇਗੀ। ਪਿੰਡ ਆਦੀਆਂ ਦੇ ਸਰਪੰਚ ਕਰਮਜੀਤ ਸਿੰਘ ਅਨੁਸਾਰ ਇੱਕ ਦੀ ਲਾਸ਼ ਕੁਰਸੀ 'ਤੇ ਬੈਠੀ ਹਾਲਤ ਵਿੱਚ ਪਈ ਸੀ ਜਦ ਕਿ ਦੂਸਰਾ ਬੈਂਚ 'ਤੇ ਲੰਮਾ ਪਿਆ ਸੀ । ਸਾਫ ਤੌਰ 'ਤੇ ਉਹਨਾਂ ਨੂੰ ਕਿਸੇ ਵੱਲੋਂ ਗੋਲੀਆਂ ਮਾਰੀਆਂ ਗਈਆਂ ਹਨ।

# ਚੰਡੀਗੜ੍ਹ 'ਚ ਵਧਦੇ ਵਾਹਨ, ਵਧਦੇ ਹਾਦਸੇ

**ਚੰਡੀਗੜ੍ਹ** : ਸ਼ਹਿਰ ਵਿੱਚ ਜਿੱਥੇ ਵਾਹਨਾਂ ਦੀ ਗਿਣਤੀ ਇਨਸਾਨਾਂ ਦੀ ਆਬਾਦੀ ਨਾਲੋਂ ਵਧ ਗਈ ਹੈ, ਉੱਥੇ ਸੜਕ ਹਾਦਸੇ ਵੀ ਵੱਡੀ ਚੁਣੌਤੀ ਬਣ ਗਏ ਹਨ। ਸਰਕਾਰੀ ਅੰਕੜਿਆਂ ਅਨੁਸਾਰ 2021 ਤੋਂ 2025 ਦੇ ਦਰਮਿਆਨ ਚੰਡੀਗੜ੍ਹ ਵਿੱਚ ਕੁੱਲ 987 ਹਾਦਸੇ ਹੋਏ, ਜਿਨ੍ਹਾਂ ਵਿੱਚ 407 ਲੋਕਾਂ ਦੀ ਜਾਨ ਗਈ ਤੇ 836 ਲੋਕ ਜ਼ਖਮੀ ਹੋਏ। ਔਸਤਨ ਹਰ ਦੋ ਦਿਨਾਂ ਵਿੱਚ ਇੱਕ ਹਾਦਸਾ, ਹਰ ਚਾਰ ਦਿਨਾਂ ਵਿੱਚ ਇੱਕ ਮੌਤ ਅਤੇ ਹਰ ਦੋ ਦਿਨਾਂ ਵਿੱਚ ਇੱਕ ਵਿਅਕਤੀ ਜ਼ਖਮੀ ਹੁੰਦਾ ਹੈ। ਚੰਡੀਗੜ੍ਹ ਦੀ ਆਬਾਦੀ ਲੱਗਭੱਗ 12.5 ਲੱਖ ਹੈ, ਜਦਕਿ ਰਜਿਸਟਰਡ ਵਾਹਨ 14.27 ਲੱਖ ਹਨ। ਜਿਸ ਮੁਤਾਬਕ ਘਣਤਾ 1,142 ਵਾਹਨ ਪ੍ਰਤੀ 1,000 ਨਿਵਾਸੀ (ਰਾਸ਼ਟਰੀ ਔਸਤ 280 ਤੋਂ ਚਾਰ ਗੁਣਾ ਵੱਧ)। ਇਸ ਤੋਂ ਇਲਾਵਾ ਹਰ ਰੋਜ਼ 104 ਨਵੇਂ ਵਾਹਨ ਸੜਕਾਂ 'ਤੇ ਉਤਰਦੇ ਹਨ। 2022 ਵਿੱਚ ਹਾਦਸੇ ਸਿਖਰ 'ਤੇ ਸਨ (237 ਹਾਦਸੇ), ਜਿਸ ਤੋਂ ਬਾਅਦ 2023 ਅਤੇ 2024 ਵਿੱਚ ਗਿਣਤੀ ਘਟ ਗਈ, ਪਰ 2025 ਵਿੱਚ ਇਹ ਅੰਕੜੇ ਫਿਰ ਵਧ ਗਏ। ਘਾਤਕ ਹਾਦਸਿਆਂ ਵਿੱਚ 15.3 ਫੀਸਦੀ ਦਾ ਵਾਧਾ ਹੋਇਆ। ਮੌਤਾਂ ਦੀ ਗਿਣਤੀ ਵਧ ਕੇ 86 ਹੋ ਗਈ ਅਤੇ ਕੁੱਲ ਹਾਦਸੇ 191 ਤੱਕ ਪਹੁੰਚ ਗਏ।

ਮੰਤਰਾਲੇ ਦੇ ਨਿਯਮਾਂ ਅਨੁਸਾਰ ਉਹ 500 ਮੀਟਰ ਦਾ ਹਿੱਸਾ ਜਿੱਥੇ ਲਗਾਤਾਰ ਤਿੰਨ ਸਾਲਾਂ ਵਿੱਚ 5 ਜਾਂ ਵੱਧ ਹਾਦਸੇ ਜਾਂ 10 ਮੌਤਾਂ ਹੋਣ, ਉਸ ਨੂੰ 'ਬਲੈਕ ਸਪਾਟ' ਮੰਨਿਆ ਜਾਂਦਾ ਹੈ। ਚੰਡੀਗੜ੍ਹ ਵਿੱਚ ਅਜਿਹੇ 4 ਮੁੱਖ ਪੁਆਇੰਟ ਹਨ। ਇਨ੍ਹਾਂ ਵਿੱਚ ਹੱਲੋਮਾਜਰਾ-ਪੋਲਟਰੀ ਫਾਰਮ ਚੌਕ (ਐੱਨ ਐੱਚ-05) : ਸਭ ਤੋਂ ਖਤਰਨਾਕ (9 ਹਾਦਸੇ, 9 ਮੌਤਾਂ)। ਕਲਾਗ੍ਰਾਮ (ਮੱਧ ਮਾਰਗ) ਵਿੱਚ 5 ਮੌਤਾਂ, ਹਾਊਸਿੰਗ ਬੋਰਡ ਲਾਈਟ ਪੁਆਇੰਟ ਦਾ ਅੰਕੜਾ 5 ਮੌਤਾਂ ਦਾ ਹੈ ਅਤੇ ਮਿਲਕ ਕਲੋਨੀ (ਧਨਾਸ) ਲਾਈਟ ਪੁਆਇੰਟ ਵਿੱਚ ਵੀ 5 ਮੌਤਾਂ।

## 3 ਦਹਿਸ਼ਤਗਰਦ ਹਲਾਕ

**ਸ੍ਰੀਨਗਰ** : ਜੰਮੂ-ਕਸ਼ਮੀਰ ਦੇ ਕਿਸ਼ਤਵਾੜ ਜ਼ਿਲ੍ਹੇ ਵਿੱਚ ਸੁਰੱਖਿਆ ਬਲਾਂ ਅਤੇ ਦਹਿਸ਼ਤਗਰਦਾਂ ਦਰਮਿਆਨ ਮੁਕਾਬਲੇ ਵਿੱਚ 3 ਦਹਿਸ਼ਤਗਰਦ ਮਾਰੇ ਗਏ। ਸੁਰੱਖਿਆ ਬਲਾਂ ਨੇ ਉਸ ਥਾਂ ਨੂੰ ਧਮਾਕੇ ਨਾਲ ਉਡਾ ਦਿੱਤਾ, ਜਿੱਥੇ ਦਹਿਸ਼ਤਗਰਦ ਲੁਕੇ ਹੋਏ ਸਨ। ਅਧਿਕਾਰੀਆਂ ਨੇ ਦੱਸਿਆ ਕਿ ਪਾਕਿਸਤਾਨੀ ਦਹਿਸ਼ਤਗਰਦ ਸੰਗਠਨ ਜੈਸ਼-ਏ-ਮੁਹੰਮਦ ਦੇ ਦਹਿਸ਼ਤਗਰਦਾਂ ਦੇ ਇਸ ਇਲਾਕੇ ਵਿੱਚ ਲੁਕੇ ਹੋਣ ਦੀ ਪੱਕੀ ਸੂਚਨਾ ਮਿਲੀ ਸੀ। ਇਸ ਤੋਂ ਬਾਅਦ ਜਦੋਂ ਸੁਰੱਖਿਆ ਬਲਾਂ ਨੇ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ ਤਾਂ ਦਹਿਸ਼ਤਗਰਦਾਂ ਨੇ ਗੋਲੀਬਾਰੀ ਸ਼ੁਰੂ ਕਰ ਦਿੱਤੀ, ਜਿਸ ਦਾ ਭਾਰਤੀ ਜਵਾਨਾਂ ਨੇ ਮੂੰਹ-ਤੋੜ ਜਵਾਬ ਦਿੱਤਾ।

## ਇੰਗਲੈਂਡ ਨੇ ਸ੍ਰੀਲੰਕਾ ਨੂੰ ਹਰਾਇਆ

**ਪਾਲੇਕਲ** : ਟੀ-20 ਵਿਸ਼ਵ ਕੱਪ ਦੇ ਸੁਪਰ-8 ਮੁਕਾਬਲੇ ਵਿੱਚ ਐਤਵਾਰ ਸ੍ਰੀਲੰਕਾ ਦੀ ਟੀਮ 147 ਦੌੜਾਂ ਦੇ ਟੀਚੇ ਦਾ ਪਿੱਛਾ ਕਰਦਿਆਂ 16.4 ਓਵਰਾਂ ਵਿੱਚ ਸਿਰਫ 95 ਦੌੜਾਂ ਬਣਾ ਕੇ ਆਊਟ ਹੋ ਗਈ। ਇਸ ਤਰ੍ਹਾਂ ਇੰਗਲੈਂਡ ਨੇ ਆਪਣੇ ਸੁਪਰ-8 ਪੜਾਅ ਦੇ ਪਹਿਲੇ ਹੀ ਮੁਕਾਬਲੇ ਵਿੱਚ 51 ਦੌੜਾਂ ਦੀ ਵੱਡੀ ਜਿੱਤ ਦਰਜ ਕਰਕੇ ਆਪਣੀ ਮੁਹਿੰਮ ਦੀ ਸ਼ਾਨਦਾਰ ਸ਼ੁਰੂਆਤ ਕੀਤੀ ਹੈ। ਘੱਟ ਸਕੋਰ ਬਣਾਉਣ ਦੇ ਬਾਵਜੂਦ ਇੰਗਲੈਂਡ ਦੇ ਗੇਂਦਬਾਜ਼ਾਂ ਨੇ ਮੈਚ ਵਿੱਚ ਸ਼ਾਨਦਾਰ ਪ੍ਰਦਰਸ਼ਨ ਦਿਖਾਇਆ ਅਤੇ ਸ੍ਰੀਲੰਕਾ ਦੇ ਬੱਲੇਬਾਜ਼ਾਂ ਨੂੰ ਖੁੱਲ੍ਹ ਕੇ ਖੇਡਣ ਦਾ ਕੋਈ ਮੌਕਾ ਨਹੀਂ ਦਿੱਤਾ।

# ਅਮਰੀਕਾ-ਭਾਰਤ ਗੱਲਬਾਤ ਟਲੀ

**ਵਾਸ਼ਿੰਗਟਨ** : ਭਾਰਤ ਅਤੇ ਅਮਰੀਕਾ ਵਿਚਕਾਰ ਹੋਣ ਵਾਲੇ ਅੰਤਰਮ ਵਪਾਰ ਸਮਝੌਤੇ ਨੂੰ ਲੈ ਕੇ ਵਾਸ਼ਿੰਗਟਨ ਵਿੱਚ 23 ਤੋਂ 26 ਫਰਵਰੀ ਤੱਕ ਹੋਣ ਵਾਲੀ ਅਹਿਮ ਬੈਠਕ ਫਿਲਹਾਲ ਟਾਲ ਦਿੱਤੀ ਗਈ ਹੈ। ਇਸ ਦਾ ਮੁੱਖ ਕਾਰਨ ਅਮਰੀਕਾ ਵਿੱਚ ਟੈਰਿਫ (ਟੈਕਸ) ਨੀਤੀਆਂ ਵਿੱਚ ਆਇਆ ਅਚਾਨਕ ਬਦਲਾਅ ਹੈ, ਕਿਉਂਕਿ ਪਹਿਲਾਂ ਇਸ ਸਮਝੌਤੇ ਤਹਿਤ ਭਾਰਤ 'ਤੇ 18 ਫੀਸਦੀ ਟੈਰਿਫ ਲੱਗਣਾ ਤੈਅ ਹੋਇਆ ਸੀ, ਪਰ ਹਾਲ ਹੀ ਦੇ ਘਟਨਾਕ੍ਰਮ ਨੇ ਸਾਰੀ ਸਥਿਤੀ ਬਦਲ ਦਿੱਤੀ ਹੈ।

ਦਰਅਸਲ ਅਮਰੀਕੀ ਸੁਪਰੀਮ ਕੋਰਟ ਨੇ ਸਾਰੇ ਪੁਰਾਣੇ ਗਲੋਬਲ ਟੈਰਿਫ ਰੱਦ ਕਰ ਦਿੱਤੇ ਸਨ, ਜਿਸ ਤੋਂ ਬਾਅਦ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਦੁਨੀਆ ਭਰ ਲਈ ਪਹਿਲਾਂ 10 ਫੀਸਦੀ ਟੈਰਿਫ ਦਾ ਐਲਾਨ ਕੀਤਾ ਅਤੇ ਫਿਰ 24 ਘੰਟਿਆਂ ਦੇ ਅੰਦਰ ਹੀ ਉਸ ਨੂੰ ਵਧਾ ਕੇ 15 ਫੀਸਦੀ ਕਰ ਦਿੱਤਾ। ਹੁਣ ਜਦੋਂ ਟਰੰਪ ਦਾ 15 ਫੀਸਦੀ ਵਾਲਾ ਗਲੋਬਲ ਟੈਰਿਫ ਲਾਗੂ ਹੋ ਰਿਹਾ ਹੈ ਤਾਂ ਇਹ ਪੁਰਾਣੀ ਡੀਲ ਵਿੱਚ ਤੈਅ ਕੀਤੇ ਗਏ 18 ਫੀਸਦੀ ਟੈਰਿਫ ਨਾਲੋਂ ਘੱਟ ਹੈ, ਜਿਸ ਕਾਰਨ ਪੁਰਾਣੀ ਡੀਲ ਦੇ ਨਿਯਮਾਂ 'ਤੇ ਮੁੜ ਵਿਚਾਰ ਕਰਨਾ ਲਾਜ਼ਮੀ ਹੋ ਗਿਆ ਹੈ। ਟੈਰਿਫ ਦਰਾਂ ਵਿੱਚ ਆਏ ਇਸ ਫਰਕ ਨੂੰ ਦੇਖਦੇ ਹੋਏ ਦੋਵਾਂ ਦੇਸ਼ਾਂ ਨੇ ਫੈਸਲਾ ਕੀਤਾ ਹੈ ਕਿ ਪਹਿਲਾਂ ਨਵੇਂ ਬਦਲਾਅ ਦੀ ਡੂੰਘਾਈ ਨਾਲ ਸਮੀਖਿਆ ਕੀਤੀ ਜਾਵੇਗੀ ਅਤੇ ਉਸ ਤੋਂ ਬਾਅਦ ਹੀ ਬੈਠਕ ਦੀ ਨਵੀਂ ਤਰੀਕ ਤੈਅ ਕੀਤੀ ਜਾਵੇਗੀ। ਮਾਹਰਾਂ ਦਾ ਮੰਨਣਾ ਹੈ ਕਿ ਬੈਠਕ ਟਲਣ ਕਾਰਨ ਹੁਣ ਇਸ ਵਪਾਰ ਸਮਝੌਤੇ ਦੇ ਸਿਰੇ ਚੜ੍ਹਨ ਵਿੱਚ ਹੋਰ ਸਮਾਂ ਲੱਗ ਸਕਦਾ ਹੈ, ਕਿਉਂਕਿ ਹੁਣ ਦੋਵੇਂ ਨਵੀਆਂ ਦਰਾਂ ਦੇ ਹਿਸਾਬ ਨਾਲ ਗੱਲਬਾਤ ਨੂੰ ਅੱਗੇ ਵਧਾਉਣਗੇ।

# ਬਜ਼ੁਰਗ ਬੀਬੀ ਨਾਲ 3 ਕਰੋੜ ਦੀ ਠੱਗੀ

**ਦੇਹਰਾਦੂਨ** : ਇੱਥੇ 70 ਸਾਲਾ ਮਹਿਲਾ ਨਾਲ 3 ਕਰੋੜ ਰੁਪਏ ਤੋਂ ਵੱਧ ਦੀ ਠੱਗੀ ਹੋ ਗਈ ਹੈ। ਸਾਈਬਰ ਠੱਗਾਂ ਨੇ ਸੀ ਬੀ ਆਈ ਅਫਸਰ ਬਣ ਕੇ ਮਹਿਲਾ ਨੂੰ ਡਿਜੀਟਲ ਅਰੈਸਟ ਕਰ ਲਿਆ ਤੇ ਉਸ ਨੂੰ ਵੀਡੀਓ ਕਾਲ ਰਾਹੀਂ ਲਗਾਤਾਰ ਡਰਾ ਕੇ ਨਿਗਰਾਨੀ ਵਿੱਚ ਰੱਖਿਆ। ਪੁਲਸ ਨੇ ਦੱਸਿਆ ਕਿ ਪਿਛਲੇ ਸਾਲ ਸਤੰਬਰ ਵਿੱਚ ਮਹਿਲਾ ਨੂੰ ਇੱਕ ਵੀਡੀਓ ਕਾਲ ਆਈ ਸੀ, ਜਿਸ ਵਿੱਚ ਠੱਗਾਂ ਨੇ ਝੂਠ ਬੋਲਿਆ ਕਿ ਉਸ ਦਾ ਫੋਨ ਨੰਬਰ 68 ਕਰੋੜ ਰੁਪਏ ਦੇ ਮਨੀ ਲਾਂਡਰਿੰਗ ਕੇਸ ਵਿੱਚ ਫਸਿਆ ਹੋਇਆ ਹੈ ਅਤੇ ਉਸ ਨੂੰ ਜਲਦੀ ਹੀ ਜੇਲ੍ਹ ਭੇਜ ਦਿੱਤਾ ਜਾਵੇਗਾ।

ਜਾਲ੍ਹਸਾਜ਼ਾਂ ਨੇ ਮਹਿਲਾ ਨੂੰ ਕਿਹਾ ਕਿ ਜੇ ਉਸ ਨੇ ਇਹ ਗੱਲ ਕਿਸੇ ਨੂੰ ਵੀ ਦੱਸੀ ਤਾਂ ਉਸ ਦੇ ਬੱਚਿਆਂ 'ਤੇ ਵੀ ਸਖਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਡਰ ਕਾਰਨ ਮਹਿਲਾ ਨੇ ਕਿਸੇ ਨਾਲ ਗੱਲ ਨਹੀਂ ਕੀਤੀ। ਉਨ੍ਹਾ ਕਿਹਾ ਕਿ ਜੇ ਉਹ ਆਪਣੀ ਗ੍ਰਿਫਤਾਰੀ ਰੋਕਣਾ ਚਾਹੁੰਦੀ ਹੈ ਤਾਂ ਉਸ ਨੂੰ ਆਪਣਾ ਸਾਰਾ ਪੈਸਾ ਉਨ੍ਹਾਂ ਵੱਲੋਂ ਦੱਸੇ ਗਏ ਖਾਤਿਆਂ ਵਿੱਚ ਟਰਾਂਸਫਰ ਕਰਨਾ ਪਵੇਗਾ। ਉਨ੍ਹਾ ਭਰੋਸਾ ਦਿੱਤਾ ਕਿ ਜਾਂਚ ਪੂਰੀ ਹੋਣ ਤੋਂ ਬਾਅਦ ਇਹ ਸਾਰਾ ਪੈਸਾ ਉਸ ਨੂੰ ਵਾਪਸ ਮਿਲ ਜਾਵੇਗਾ। ਇਸ ਤੋਂ ਬਾਅਦ ਡਰ ਕੇ ਮਹਿਲਾ ਨੇ ਸਤੰਬਰ ਅਤੇ ਅਕਤੂਬਰ 2025 ਦੌਰਾਨ ਆਪਣੀਆਂ ਸਾਰੀਆਂ ਐੱਫ ਡੀਆਂ ਤੁੜਵਾ ਦਿੱਤੀਆਂ, ਆਪਣੇ ਸ਼ੇਅਰ ਵੇਚ ਦਿੱਤੇ ਅਤੇ ਇੱਥੋਂ ਤੱਕ ਕਿ ਆਪਣੇ ਗਹਿਣੇ ਵੀ ਗਿਰਵੀ ਰੱਖ ਦਿੱਤੇ। ਉਸ ਨੇ ਕੁੱਲ 3.09 ਕਰੋੜ ਰੁਪਏ ਠੱਗਾਂ ਦੇ ਬੈਂਕ ਖਾਤਿਆਂ ਵਿੱਚ ਭੇਜ ਦਿੱਤੇ। ਹੁਣ ਮਹਿਲਾ ਦੀ ਸ਼ਿਕਾਇਤ 'ਤੇ ਪੁਲਸ ਨੇ ਕੇਸ ਦਰਜ ਕਰ ਲਿਆ ਹੈ ਅਤੇ ਮੋਬਾਈਲ ਨੰਬਰਾਂ ਸਮੇਤ ਬੈਂਕ ਖਾਤਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

# ਗੈਰਕਾਨੂੰਨੀ ਨਸ਼ਾ ਛੁਡਾਊ ਕੇਂਦਰ ਚਲਾਉਣ ਵਾਲਾ ਕਾਬੂ, 15 ਮਰੀਜ਼ ਬਚਾਏ

**ਅੰਮ੍ਰਿਤਸਰ** : ਪੁਲਸ ਨੇ ਛੇਹਰਟਾ ਦੇ ਇੱਕ ਗੈਰਕਾਨੂੰਨੀ ਨਸ਼ਾ ਛੁਡਾਊ ਕੇਂਦਰ ਦਾ ਪਰਦਾਫਾਸ਼ ਕਰਦਿਆਂ 15 ਮਰੀਜ਼ਾਂ ਨੂੰ ਬਚਾਇਆ ਹੈ ਅਤੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ। ਮੁਲਜ਼ਮ ਦੀ ਪਛਾਣ ਰਾਣਾ ਪ੍ਰਤਾਪ ਸਿੰਘ ਵਾਸੀ ਨਿਊ ਅੰਤਰਯਾਮੀ ਕਾਲੋਨੀ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਵਜੋਂ ਹੋਈ ਹੈ। ਉਸ ਦੇ ਤਿੰਨ ਹੋਰ ਸਾਥੀਆਂ ਦੀ ਭਾਲ ਕੀਤੀ ਜਾ ਰਹੀ ਹੈ।

ਪੁਲਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਨੇ ਦੱਸਿਆ ਕਿ ਰੋਜ਼ ਐਵੀਨਿਊ, ਕਾਲੇ ਘਨੂਪੁਰ, ਛੇਹਰਟਾ ਨੇੜੇ ਇੱਕ ਕਿਰਾਏ ਦੀ ਕੋਠੀ ਵਿੱਚ ਨਸ਼ਾ ਛੁਡਾਉਣ ਦੀ ਆੜ ਵਿੱਚ ਮੋਟੀਆਂ ਰਕਮਾਂ ਵਸੂਲੀਆਂ ਜਾ ਰਹੀਆਂ ਸਨ। ਭੁੱਲਰ ਮੁਤਾਬਕ ਪੁਲਸ ਨੂੰ ਪੁਖਤਾ ਇਤਲਾਹ ਸੀ ਕਿ ਸਰਬਜੀਤ ਸਿੰਘ ਉਰਫ ਸੰਨੀ, ਹਰਪ੍ਰੀਤ ਸਿੰਘ, ਦਿਲਪ੍ਰੀਤ ਸਿੰਘ ਅਤੇ ਰਾਣਾ ਪ੍ਰਤਾਪ ਸਿੰਘ ਗੈਰਕਾਨੂੰਨੀ ਢੰਗ ਨਾਲ ਨਸ਼ਾ ਛੁਡਾਊ ਕੇਂਦਰ ਚਲਾ ਰਹੇ ਹਨ। ਉਸ ਕੇਂਦਰ ਵਿੱਚ ਭੋਲੇ-ਭਾਲੇ ਨੌਜਵਾਨਾਂ ਨੂੰ ਨਸ਼ਾ ਛੁਡਾਉਣ ਦੀ ਆੜ ਵਿੱਚ ਦਾਖਲ ਕਰਕੇ ਉਹਨਾਂ ਨੂੰ ਡਰਾ-ਧਮਕਾ ਕੇ ਮੋਟੀਆਂ ਰਕਮਾਂ ਵਸੂਲਦੇ ਹਨ ਅਤੇ ਨੌਜਵਾਨਾਂ ਦਾ ਸ਼ੋਸ਼ਣ ਕਰ ਰਹੇ ਹਨ। ਜੇ ਉਕਤ ਨੌਜਵਾਨ ਨਸ਼ਾ ਛੱਡ ਵੀ ਜਾਣ ਤਾਂ ਵੀ ਉਨ੍ਹਾਂ ਨੂੰ ਡਰਾ-ਧਮਕਾ ਕੇ ਉਨ੍ਹਾਂ ਦੇ ਪਰਵਾਰ ਵਾਲਿਆਂ ਨਾਲ ਗੱਲ ਕਰਕੇ ਮੋਟੀਆਂ ਰਕਮਾਂ ਵਸੂਲੀਆਂ ਜਾਂਦੀਆਂ ਸਨ। ਪੁਲਸ ਨੇ ਛਾਪਾ ਮਾਰ ਕੇ ਰਾਣਾ ਪ੍ਰਤਾਪ ਸਿੰਘ ਨੂੰ ਕਾਬੂ ਕਰ ਲਿਆ। ਕੇਂਦਰ ਵਿੱਚ ਉਸ ਵੇਲੇ ਕੋਈ ਵੀ ਡਾਕਟਰੀ ਸਹੂਲਤ ਜਾਂ ਕੋਈ ਡਾਕਟਰ ਮੌਜੂਦ ਨਹੀਂ ਸੀ ਅਤੇ ਨਾ ਹੀ ਉਕਤ ਕੇਂਦਰ ਵਿੱਚ ਮਰੀਜ਼ ਰੱਖਣ ਦੀ ਕੋਈ ਸਹੂਲਤ ਸੀ। ਇਸ ਤੋਂ ਬਾਅਦ ਤੁਰੰਤ ਸਿਵਲ ਸਰਜਨ ਨਾਲ ਸੰਪਰਕ ਕਰਕੇ ਡਾਕਟਰਾਂ ਅਤੇ ਐਂਬੂਲੈਂਸ ਨੂੰ ਬੁਲਾ ਕੇ 15 ਵਿਅਕਤੀਆਂ ਨੂੰ ਸਰਕਾਰੀ ਨਸ਼ਾ ਛੁਡਾਊ ਕੇਂਦਰ ਵਿੱਚ ਦਾਖਲ ਕਰਾਇਆ ਗਿਆ।

ਉਨ੍ਹਾ ਦੱਸਿਆ ਕਿ ਰਾਣਾ ਪ੍ਰਤਾਪ ਨਸ਼ਾ ਛੁਡਾਊ ਕੇਂਦਰ ਨੂੰ ਚਲਾਉਣ ਸੰਬੰਧੀ ਸਰਕਾਰ ਵੱਲੋਂ ਕੋਈ ਪਰਮਿਟ ਪੇਸ਼ ਨਹੀਂ ਕਰ ਸਕਿਆ। ਇਸ ਸੰਬੰਧੀ ਥਾਣਾ ਛੇਹਰਟਾ ਵਿੱਚ ਕੇਸ ਦਰਜ ਕੀਤਾ ਗਿਆ।

# ਪਾਕਿਸਤਾਨ ਦਾ ਅਫਗਾਨਿਸਤਾਨ ਵਿਚਲੇ ਟਿਕਾਣਿਆਂ 'ਤੇ ਹਮਲਾ

ਇਸਲਾਮਾਬਾਦ : ਪਾਕਿਸਤਾਨ ਨੇ ਸ਼ਨਿੱਚਰਵਾਰ ਅੱਧੀ ਰਾਤ ਨੂੰ ਅਫਗਾਨਿਸਤਾਨ ਵਿੱਚ ਸਥਿਤ ਅੱਤਵਾਦੀਆਂ ਦੇ ਘੱਟੋ-ਘੱਟ ਸੱਤ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ। ਇਹ ਕਾਰਵਾਈ ਸ਼ਨੀਵਾਰ ਖੈਬਰ ਪਖਤੂਨਖਵਾ ਦੇ ਬੰਨੂ ਇਲਾਕੇ ਵਿੱਚ ਹੋਏ ਆਤਮਘਾਤੀ ਹਮਲੇ ਦੇ ਜਵਾਬ ਵਿੱਚ ਕੀਤੀ ਗਈ, ਜਿਸ ਵਿੱਚ ਪਾਕਿਸਤਾਨੀ ਫੌਜ ਦਾ ਇੱਕ ਲੈਫਟੀਨੈਂਟ ਕਰਨਲ ਅਤੇ ਇੱਕ ਜਵਾਨ ਮਾਰੇ ਗਏ ਸਨ। ਹਮਲੇ ਵਿੱਚ ਮਹਿਲਾਵਾਂ ਤੇ ਬੱਚਿਆਂ ਸਣੇ ਇੱਕ ਪਰਵਾਰ ਦੇ 16 ਜੀਅ ਮਾਰੇ ਗਏ ਹਨ। ਪਾਕਿਸਤਾਨੀ ਸੂਚਨਾ ਮੰਤਰਾਲੇ ਅਨੁਸਾਰ, ਉਨ੍ਹਾਂ ਕੋਲ ਪੁਖਤਾ ਸਬੂਤ ਹਨ ਕਿ ਇਸਲਾਮਾਬਾਦ, ਬਾਜੌਰ ਅਤੇ ਬੰਨੂ ਵਿੱਚ ਹੋਏ ਹਾਲੀਆ ਹਮਲਿਆਂ ਦੀ ਸਾਜ਼ਿਸ਼ ਅਫਗਾਨਿਸਤਾਨ ਵਿੱਚ ਬੈਠੇ 'ਫਿਤਨਾ ਅਲ ਖਵਾਰਿਜ' (ਪਾਕਿਸਤਾਨੀ ਤਾਲਿਬਾਨ) ਅਤੇ 'ਇਸਲਾਮਿਕ ਸਟੇਟ ਖੋਰਾਸਾਨ' ਦੇ ਆਕਾਵਾਂ ਨੇ ਘੜੀ ਸੀ।

## ਅੱਜ-ਨਾਮਾ

ਨਾਰਾਜ਼ਗੀ ਫੌਜੀਆਂ ਦੀ ਚੋਖੀ ਸੁਣੀ ਜਾਂਦੀ,
ਕਹਿੰਦੇ ਐਤਕੀਂ ਬੱਜਟ ਨਹੀਂ ਠੀਕ ਬੇਲੀ।
ਬੀਬੀ ਨਿਰਮਲਾ ਖਾਤੇ ਜਦ ਗਿਣਨ ਲੱਗੀ,
ਕੀਤੀ ਅਜਬ ਕੋਈ ਓਸ ਤਫਰੀਕ ਬੇਲੀ।
ਜਿਹੜੇ ਮੋਰਚੇ ਉੱਪਰ ਕਈ ਹੋਏ ਜ਼ਖਮੀ,
ਲੈ ਗਈ ਉਨ੍ਹਾਂ ਤੱਕ ਟੈਕਸ ਧਰੀਕ ਬੇਲੀ।
ਰਹੀ ਕੀਤੀ ਕੁਰਬਾਨੀ ਨਾ ਯਾਦ ਉਸ ਨੂੰ,
ਛਾਂਗੀ ਪੈਨਸ਼ਨ ਵੀ ਮਾਰ ਕੇ ਲੀਕ ਬੇਲੀ।
ਅਗਨੀਵੀਰ ਦਾ ਰੋਸਾ ਨਹੀਂ ਅਜੇ ਮੁੱਕਾ,
ਪੁਆੜੇ ਬੀਬੀ ਇਹ ਹੋਰ ਵਧਾਊ ਬੇਲੀ।
ਅਸਰ ਚੋਣ ਦੇ ਉੱਪਰ ਜਦ ਪੈਣ ਲੱਗਾ,
ਹੋਸ਼ ਓਦੋਂ ਟਿਕਾਣੇ ਜਿਹੀ ਆਊ ਬੇਲੀ।

-ਤੀਸ ਮਾਰ ਖਾਂ

# ਭਾਰਤ-ਅਮਰੀਕਾ ਸਮਝੌਤੇ ਖਿਲਾਫ ਜ਼ੋਰਦਾਰ ਮੁਜ਼ਾਹਰਾ

**ਜਲੰਧਰ (ਗਿਆਨ ਸੈਦਪੁਰੀ)**




ਸੰਯੁਕਤ ਕਿਸਾਨ ਮੋਰਚਾ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ, ਟ੍ਰੇਡ ਯੂਨੀਅਨਾਂ, ਔਰਤਾਂ, ਮੁਲਾਜ਼ਮਾਂ, ਪੈਨਸ਼ਨਰਾਂ, ਵਿਦਿਆਰਥੀ ਅਤੇ ਨੌਜਵਾਨ ਜਥੇਬੰਦੀਆਂ ਵੱਲੋਂ ਬਿਜਲੀ ਵਿਭਾਗ ਪ੍ਰਾਈਵੇਟ ਕੰਪਨੀਆਂ ਹਵਾਲੇ ਕਰਨ ਲਈ ਕੇਂਦਰ ਸਰਕਾਰ ਦੁਆਰਾ ਲਿਆਂਦੇ ਗਏ ਬਿਜਲੀ ਸੋਧ ਬਿੱਲ, ਬੀਜ ਬਿੱਲ 2025 ਨੂੰ ਵਾਪਸ ਕਰਵਾਉਣ, ਵਿਕਸਤ ਭਾਰਤ ਜੀ ਰਾਮ ਜੀ ਰੱਦ ਕਰਕੇ ਮਗਨਰੇਗਾ ਕਾਨੂੰਨ ਨੂੰ ਬਹਾਲ ਕਰਨ, ਮਜ਼ਦੂਰ ਪੱਖੀ ਕਾਨੂੰਨਾਂ ਨੂੰ ਖ਼ਤਮ ਕਰਕੇ ਪਾਸ ਕੀਤੇ ਗਏ ਚਾਰ ਕਿਰਤ ਕੋਡ ਰੱਦ ਕਰਵਾਉਣ, ਪਬਲਿਕ ਅਦਾਰਿਆਂ ਦੇ ਕੀਤੇ ਜਾ ਰਹੇ ਨਿੱਜੀਕਰਨ ਅਤੇ ਖੇਤੀ ਖੇਤਰ ਰਾਹੀਂ ਦੇਸ਼ ਨੂੰ ਸਾਮਰਾਜ ਖ਼ਾਸਕਰ ਅਮਰੀਕੀ ਸਾਮਰਾਜ ਹਵਾਲੇ ਕਰਨ ਲਈ ਕੀਤੇ ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤਾ ਨੂੰ ਰੱਦ ਕਰਵਾਉਣ ਲਈ ਐਤਵਾਰ ਸਵੇਰੇ 11 ਵਜੇ ਤੋਂ ਬਾਅਦ ਦੁਪਹਿਰ 3 ਵਜੇ ਤੱਕ ਕੈਬਨਿਟ ਮੰਤਰੀ ਮੋਹਿੰਦਰ ਭਗਤ ਦੇ ਜਲੰਧਰ ਸਥਿਤ ਘਰ ਅੱਗੇ ਧਰਨਾ/ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਆਗੂਆਂ ਨੇ ਧਰਨਾਕਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਕਿਸਾਨਾਂ, ਮਜ਼ਦੂਰਾਂ ਤੇ ਹੋਰ ਮਿਹਨਤੀ ਲੋਕਾਂ ਨੂੰ ਖ਼ਤਮ ਕਰਨ ਲਈ ਲਗਾਤਾਰ ਨਵੇਂ- ਨਵੇਂ ਬਿੱਲ, ਨੀਤੀਆਂ ਲੈ ਕੇ ਆ ਰਹੀ ਹੈ। ਪੰਜਾਬ ਸਰਕਾਰ ਕੇਂਦਰ ਦੀ ਹਾਂ 'ਚ ਹਾਂ ਮਿਲਾ ਰਹੀ ਹੈ। ਉਨ੍ਹਾਂ ਕਿਹਾ ਕਿ ਭਾਰਤ-ਅਮਰੀਕਾ ਮੁਕਤ ਵਪਾਰ ਸਮਝੌਤਾ ਦੇਸ਼ ਦੇ ਕਿਸਾਨਾਂ-ਮਜ਼ਦੂਰਾਂ ਲਈ ਮੌਤ ਦੇ ਵਾਰੰਟ ਹਨ। ਉਨ੍ਹਾ ਕਿਹਾ ਕਿ ਮਜ਼ਦੂਰਾਂ-ਕਿਸਾਨਾਂ ਤੇ ਹੋਰ ਲੋਕਾਂ ਦੇ ਘਰਾਂ ਆਦਿ ਵਿੱਚ ਹਨੇਰਾ ਕਰਨ ਤੇ ਬਿਜਲੀ ਵਿਭਾਗ ਪ੍ਰਾਈਵੇਟ ਕੰਪਨੀਆਂ ਹਵਾਲੇ ਕਰਨ ਲਈ ਬਿਜਲੀ ਸੋਧ ਬਿੱਲ ਲਿਆਂਦਾ ਗਿਆ ਹੈ। ਕੇਂਦਰ ਸਰਕਾਰ ਨੇ ਕਾਰਪੋਰੇਟ ਘਰਾਣਿਆਂ ਨੂੰ ਸਸਤੀ ਲੇਬਰ ਮੁਹੱਈਆ ਕਰਵਾਉਣ ਲਈ ਮਗਨਰੇਗਾ ਕਾਨੂੰਨ ਖ਼ਤਮ ਕੀਤਾ ਤੇ ਮਜ਼ਦੂਰ ਜਮਾਤ ਵੱਲੋਂ ਕੁਰਬਾਨੀਆਂ ਦੇ ਕੇ ਪ੍ਰਾਪਤ ਕੀਤੇ ਮਜ਼ਦੂਰ ਪੱਖੀ ਕਾਨੂੰਨਾਂ ਨੂੰ ਖ਼ਤਮ ਕਰਕੇ ਚਾਰ ਲੇਬਰ ਕੋਡ ਲੈ ਕੇ ਆਈ ਹੈ। ਕੇਂਦਰ ਅਤੇ ਸੂਬਾ ਸਰਕਾਰਾਂ ਵੱਲੋਂ ਹੱਕੀ ਮੰਗ ਦੀਆਂ ਆਵਾਜ਼ਾਂ ਨੂੰ ਕੁਚਲ ਕੇ ਅਮਨ ਕਾਇਮ ਕਰਨ ਦਾ ਭਰਮ ਪਾਲਿਆ ਜਾ ਰਿਹਾ ਹੈ।ਇਸ ਮੌਕੇ ਆਗੂਆਂ ਨੇ ਸੰਯੁਕਤ ਕਿਸਾਨ ਮੋਰਚਾ ਵੱਲੋਂ ਮੁਕਤ ਵਪਾਰ ਸਮਝੌਤੇ ਖਿਲਾਫ਼ 10 ਮਾਰਚ ਨੂੰ ਬਰਨਾਲਾ ਵਿਖੇ ਸੂਬਾ ਪੱਧਰੀ ਪ੍ਰਦਰਸ਼ਨ ਨੂੰ ਸਫ਼ਲ ਬਣਾਉਣ ਦਾ ਸੱਦਾ ਵੀ ਦਿੱਤਾ।

ਇਸ ਮੌਕੇ ਜ਼ਮੀਨ ਪ੍ਰਾਪਤੀ ਸੰਘਰਸ਼ ਕਮੇਟੀ ਦੇ ਪ੍ਰਧਾਨ ਮੁਕੇਸ਼ ਮਲੌਦ ਨੂੰ ਤੁਰੰਤ ਰਿਹਾਅ ਕਰਨ ਅਤੇ ਬਠਿੰਡਾ ਵਿਖੇ ਕਿਸਾਨ ਆਗੂਆਂ ਦੀ ਰਿਹਾਈ ਲਈ ਪ੍ਰਦਰਸ਼ਨ ਕਰ ਰਹੇ ਬੀ ਕੇ ਯੂ ਉਗਰਾਹਾਂ ਦੇ ਕਾਰਕੁਨਾਂ ਖਿਲਾਫ਼ ਜਬਰ ਕਰਨ ਦੀ ਨਿੰਦਾ ਕਰਦਿਆਂ ਐੱਸ ਐੱਸ ਪੀ ਬਠਿੰਡਾ ਤੇ ਹੋਰ ਅਧਿਕਾਰੀਆਂ ਖਿਲਾਫ਼ ਕਾਰਵਾਈ ਦੀ ਮੰਗ ਕੀਤੀ ਗਈ।

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਤੇ ਕਿਰਤੀ ਕਿਸਾਨ ਯੂਨੀਅਨ ਦੇ ਸੂਬਾਈ ਆਗੂ ਸੰਤੋਖ ਸਿੰਘ ਸੰਧੂ, ਬੀ ਕੇ ਯੂ ਏਕਤਾ ਉਗਰਾਹਾਂ ਦੇ ਗੁਰਚਰਨ ਸਿੰਘ ਚਾਹਲ, ਜਮਹੂਰੀ ਕਿਸਾਨ ਸਭਾ ਦੇ ਆਗੂ ਮੇਜਰ ਸਿੰਘ, ਪੇਂਡੂ ਤੇ ਖੇਤ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂ ਤੇ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਦੇ ਸੂਬਾਈ ਪ੍ਰੈੱਸ ਸਕੱਤਰ ਕਸ਼ਮੀਰ ਸਿੰਘ ਘੁੱਗਸ਼ੋਰ, ਪੰਜਾਬ ਖੇਤ ਮਜ਼ਦੂਰ ਯੂਨੀਅਨ ਦੇ ਹਰਪਾਲ ਸਿੰਘ ਬਿੱਟੂ, ਆਂਗਨਵਾੜੀ ਵਰਕਰ ਯੂਨੀਅਨ ਦੇ ਕ੍ਰਿਸ਼ਨਾ ਭੈਣ ਜੀ, ਨੌਜਵਾਨ ਭਾਰਤ ਸਭਾ ਦੇ ਮੰਗਲਜੀਤ ਪੰਡੋਰੀ, ਇਸਤਰੀ ਜਾਗ੍ਰਿਤੀ ਮੰਚ ਦੇ ਜਸਵੀਰ ਕੌਰ ਜੱਸੀ, ਪੰਜਾਬ ਸਟੂਡੈਂਟਸ ਯੂਨੀਅਨ ਦੇ ਰਮਨਦੀਪ ਕੌਰ, ਮਿੱਡ ਡੇ ਮੀਲ ਵਰਕਰ ਯੂਨੀਅਨ ਦੇ ਕੁਲਵਿੰਦਰ ਕੌਰ ਨੁਸੀ, ਬੀ ਕੇ ਯੂ ਡਕੌਂਦਾ ਦੇ ਸਤਨਾਮ ਸਿੰਘ ਲੋਹਗੜ੍ਹ, ਬੀ ਕੇ ਯੂ ਖਹਿਰਾ ਦੇ ਕੇਵਲ ਸਿੰਘ ਖਹਿਰਾ ਅਤੇ ਮੰਡ ਬੇਟ ਸੰਘਰਸ਼ ਕਮੇਟੀ ਦੇ ਰਾਮ ਸਿੰਘ ਕਾਇਮਵਾਲਾ ਤੋਂ ਇਲਾਵਾ ਗੁਰਕੰਵਲ ਸਿੰਘ ਗਰਚਾ, ਪ੍ਰਿੰਸੀਪਲ ਮਨਜੀਤ ਸਿੰਘ, ਗੁਰਨਾਮ ਸਿੰਘ ਤੱਗੜ, ਹੰਸ ਰਾਜ ਪੱਬਵਾਂ, ਸੁਖਜਿੰਦਰ ਲਾਲੀ, ਗੁਰਪ੍ਰੀਤ ਸਿੰਘ ਚੀਦਾ ਆਦਿ ਨੇ ਸੰਬੋਧਨ ਕੀਤਾ।

ਨਵਾਂ ਜ਼ਮਾਨਾ
ਸੋਮਵਾਰ, 23 ਫਰਵਰੀ 2026

# ਫੋਟੋ ਸ਼ੋਅ ਨਾਲ ਗੱਲ ਨਹੀਂ ਬਣਨੀ

*ਮੋਦੀ ਸਰਕਾਰ ਨੇ 'ਏ ਆਈ ਇੰਪੈਕਟ ਸਮਿਟ-2026' ਕਾਫੀ ਧੂਮ-ਧੜੱਕੇ ਨਾਲ ਆਯੋਜਿਤ ਕੀਤੀ, ਜਿਸ ਵਿੱਚ ਦੁਨੀਆ ਦੇ ਵੱਡੇ ਆਗੂ ਤੇ ਆਰਟੀਫੀਸ਼ਿਅਲ ਇੰਟੈਲੀਜੈਂਸ (ਏ ਆਈ) ਖੇਤਰ ਦੇ ਧਨੰਤਰ ਸ਼ਾਮਲ ਹੋਏ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਇਨ੍ਹਾਂ ਨਾਲ ਤਸਵੀਰਾਂ ਲੁਹਾ ਕੇ ਬੱਲੇ-ਬੱਲੇ ਤਾਂ ਕਰਵਾ ਲਈ, ਪਰ ਕੀ ਇਸ ਨਾਲ ਹੀ ਭਾਰਤ ਏ ਆਈ ਮਹਾਂਸ਼ਕਤੀ ਬਣ ਜਾਵੇਗਾ? ਰਾਜਧਾਨੀ ਦੇ ਹਰ ਚੌਰਾਹੇ 'ਤੇ ਮੋਦੀ ਦੇ ਵਿਸ਼ਾਲ ਪੋਸਟਰ ਲਗਾਏ ਗਏ, ਜਿਨ੍ਹਾਂ 'ਤੇ ਏ ਆਈ ਨਾਲ ਜੁੜੇ ਉਤਸ਼ਾਹਜਨਕ ਨਾਅਰੇ ਲਿਖੇ ਹੋਏ ਸਨ। ਚੇਤੇ ਹੋਣੈ, 2023 ਵਿੱਚ ਜਦੋਂ ਭਾਰਤ ਨੇ ਜੀ-20 ਸਮਿਟ ਆਯੋਜਿਤ ਕੀਤੀ ਸੀ ਤਾਂ ਉਦੋਂ ਵੀ ਮੋਦੀ ਦੇ ਅਜਿਹੇ ਪੋਸਟਰ ਨਜ਼ਰ ਆਏ ਸਨ, ਪਰ ਉਹ ਸਿਖਰ ਸੰਮੇਲਨ ਤਮਾਸ਼ਾ ਹੀ ਬਣ ਕੇ ਰਹਿ ਗਿਆ ਸੀ, ਭਾਰਤ ਦੇ ਪੱਲੇ ਕੁਝ ਨਹੀਂ ਪਿਆ ਸੀ।*

*ਮਤਲਬ, ਭਾਰਤ ਦੁਨੀਆ ਦੀ ਮੇਜ਼ਬਾਨੀ ਕਰ ਸਕਦਾ ਹੈ ਅਤੇ ਆਪਣੇ ਭਵਿੱਖ ਦੇ ਨਜ਼ਰੀਏ ਨੂੰ ਵੇਚ ਸਕਦਾ ਹੈ, ਪਰ ਏ ਆਈ ਸ਼ਕਤੀ ਬਣਨ ਲਈ ਇਹ ਕਾਫੀ ਨਹੀਂ। ਇਸ ਲਈ ਬੁਨਿਆਦੀ ਢਾਂਚੇ ਵਿੱਚ ਨਿਵੇਸ਼, ਸਿੱਖਿਆ ਵਿੱਚ ਸੁਧਾਰ, ਪ੍ਰਤਿਭਾ ਵਿਕਾਸ ਤੇ ਖੋਜ 'ਤੇ ਫੋਕਸ ਜ਼ਰੂਰੀ ਹੈ। ਇਸ ਵੇਲੇ ਭਾਰਤ ਜੈਨੇਰੇਟਿਵ ਏ ਆਈ ਐਪ ਡਾਊਨਲੋਡ ਕਰਨ ਦੇ ਮਾਮਲੇ ਵਿੱਚ ਦੁਨੀਆ 'ਚ ਸਭ ਤੋਂ ਅੱਗੇ ਹੈ ਅਤੇ ਚੈਟ ਜੀ ਪੀ ਟੀ ਦਾ ਦੂਜਾ ਸਭ ਤੋਂ ਵੱਡਾ ਉਪਯੋਗਕਰਤਾ ਆਧਾਰ ਹੈ। ਦੇਖਣ ਵਾਲੀ ਗੱਲ ਇਹ ਹੋਵੇਗੀ ਕਿ ਕੀ ਭਾਰਤ ਸਿਰਫ ਇੱਕ 'ਉਪਭੋਗਤਾ' ਬਣ ਕੇ ਰਹਿ ਜਾਵੇਗਾ ਜਾਂ ਅਸਲ ਵਿੱਚ ਏ ਆਈ ਤਕਨੀਕ ਦਾ 'ਉਤਪਾਦਕ' ਬਣੇਗਾ। ਅੰਬਾਨੀ ਤੇ ਅਡਾਨੀ ਵਰਗੇ ਵੱਡੇ ਗਰੁੱਪਾਂ ਨੇ ਡੈਟਾ ਸੈਂਟਰਾਂ ਵਿੱਚ ਭਾਰੀ ਨਿਵੇਸ਼ ਦਾ ਵਾਅਦਾ ਕੀਤਾ ਹੈ, ਪਰ ਏ ਆਈ ਲਈ ਭਾਰੀ ਮਾਤਰਾ ਵਿੱਚ ਬਿਜਲੀ, ਜ਼ਮੀਨ ਤੇ ਪਾਣੀ ਦੀ ਲੋੜ ਹੁੰਦੀ ਹੈ। ਭਾਰਤ ਦੇ ਕਈ ਸ਼ਹਿਰਾਂ ਵਿੱਚ ਅਜੇ ਵੀ ਪੀਣ ਵਾਲੇ ਪਾਣੀ ਤੇ ਸਵੱਛ ਹਵਾ ਦਾ ਸੰਕਟ ਹੈ। ਕੀ ਭਾਰਤ ਦਾ ਬਿਜਲੀ ਗਰਿੱਡ ਇਸ ਵਾਧੂ ਬੋਝ ਨੂੰ ਸਹਿ ਸਕੇਗਾ? ਭਾਰਤ ਵਿੱਚ ਅਜਿਹਾ ਬੁਨਿਆਦੀ ਢਾਂਚਾ ਵਿਕਸਤ ਨਹੀਂ ਹੋ ਪਾਇਆ, ਜਿਸ ਦੇ ਦਮ 'ਤੇ ਏ ਆਈ ਬਾਰੇ ਕੁਝ ਸੋਚਿਆ ਜਾ ਸਕੇ। ਪੱਛਮੀ ਦੇਸ਼ਾਂ ਵਿੱਚ ਏ ਆਈ ਨੂੰ 'ਕਿਰਤ ਦੀ ਕਮੀ' ਦੇ ਹੱਲ ਦੇ ਤੌਰ 'ਤੇ ਦੇਖਿਆ ਜਾਂਦਾ ਹੈ, ਪਰ ਭਾਰਤ ਵਿੱਚ ਸਥਿਤੀ ਬਿਲਕੁਲ ਉਲਟ ਹੈ। ਭਾਰਤ ਕੋਲ ਨੌਜਵਾਨਾਂ ਦੀ ਇੱਕ ਵਿਸ਼ਾਲ ਫੌਜ ਹੈ, ਜਿਨ੍ਹਾਂ ਨੂੰ ਨੌਕਰੀਆਂ ਦੀ ਲੋੜ ਹੈ। ਖਤਰਾ ਇਹ ਹੈ ਕਿ ਜੇਕਰ ਏ ਆਈ ਸ਼ੁਰੂਆਤੀ ਪੱਧਰ ਦੀਆਂ ਨੌਕਰੀਆਂ ਦੀ ਥਾਂ ਲੈ ਲੈਂਦੀ ਹੈ ਤਾਂ ਭਾਰਤ ਵਿੱਚ ਇੱਕ ਵੱਡਾ ਸਮਾਜੀ ਸੰਕਟ ਪੈਦਾ ਹੋ ਸਕਦਾ ਹੈ, ਕਿਉਂਕਿ ਭਾਰਤ ਦਾ ਆਈ ਟੀ ਸੈਕਟਰ ਇਸ ਬਦਲਾਅ ਪ੍ਰਤੀ ਕਾਫੀ ਸੰਵੇਦਨਸ਼ੀਲ ਹੈ।*

*ਸੰਮੇਲਨ ਦੇ ਇੱਕ ਪਾਸੇ 33 ਹਜ਼ਾਰ ਡਾਲਰ ਪ੍ਰਤੀ ਰਾਤ ਵਾਲੇ ਮਹਿੰਗੇ ਹੋਟਲ ਦੇ ਕਮਰੇ ਸਨ ਤਾਂ ਦੂਜੇ ਪਾਸੇ ਆਯੋਜਨ ਵਾਲੀ ਥਾਂ ਦੇ ਬਾਹਰ ਬੇਘਰ ਲੋਕਾਂ ਨੂੰ ਹਟਾਇਆ ਜਾ ਰਿਹਾ ਸੀ। ਇਹ ਏ ਆਈ ਦੇ 'ਲੋਕਤੰਤਰੀਕਰਨ' ਦੇ ਦਾਅਵਿਆਂ ਵਿਚਾਲੇ ਵਧਦੀ ਨਾਬਰਾਬਰੀ ਨੂੰ ਦਰਸਾਉਂਦਾ ਹੈ। ਭਾਰਤ ਦੁਨੀਆ ਦੀ ਮੇਜ਼ਬਾਨੀ ਤਾਂ ਕਰ ਸਕਦਾ ਹੈ, ਪਰ ਏ ਆਈ ਸ਼ਕਤੀ ਬਣਨ ਦਾ ਰਾਹ ਸਿਰਫ ਈਵੈਂਟ 'ਚੋਂ ਹੋ ਕੇ ਨਹੀਂ ਲੰਘਦਾ। ਇਸ ਲਈ ਮਜ਼ਬੂਤ ਈਕੋ-ਸਿਸਟਮ, ਊਰਜਾ ਸੁਰੱਖਿਆ ਤੇ ਸਭ ਤੋਂ ਅਹਿਮ ਏ ਆਈ ਲਹਿਰ ਨੂੰ ਆਮ ਲੋਕਾਂ ਦੀ ਰੋਜ਼ੀ-ਰੋਟੀ ਦੇ ਸਾਧਨ ਵਿੱਚ ਬਦਲਣ ਦੀ ਸਮਰੱਥਾ ਦੀ ਲੋੜ ਹੈ।*

# ਮੋਦੀ ਹਕੂਮਤ ਦਾ ਮੀਆਂ-ਮਿੱਠੂ ਬਣਿਆ ਅਦਾਲਤੀ ਢਾਂਚਾ



ਡਾ. ਬਲਜਿੰਦਰ ਸਿੰਘ

ਮੁਲਕ ਦੀ ਸੁਪਰੀਮ ਕੋਰਟ ਨੇ ਆਪਣੇ 29 ਜਨਵਰੀ ਦੇ ਇੱਕ ਹੁਕਮ 'ਚ ਕਿਹਾ ਹੈ ਕਿ ਘਰੇਲੂ ਕਾਮਗਾਰ ਯਾਨੀ ਕਿ ਘਰਾਂ 'ਚ ਕੰਮ ਕਰਨ ਵਾਲੇ ਔਰਤਾਂ ਤੇ ਮਰਦਾਂ ਦਾ ਸੰਵਿਧਾਨ ਦੀ ਧਾਰਾ 23 ਮੁਤਾਬਕ ਘੱਟੋ-ਘੱਟ ਤਨਖ਼ਾਹਾਂ ਤੇ ਭੱਤਿਆਂ ਦੀ ਮੰਗ ਕਰਨ ਦਾ ਕੋਈ ਵੀ ਬੁਨਿਆਦੀ ਹੱਕ ਨਹੀਂ ਬਣਦਾ। ਅਦਾਲਤ ਨੇ ਇਸ ਸੰਬੰਧ ਵਿੱਚ ਅਜਿਹਾ ਕੋਈ ਵੀ ਹੁਕਮ ਜਾਰੀ ਕਰਨ ਤੋਂ ਨਾ ਸਿਰਫ ਇਨਕਾਰ ਹੀ ਕੀਤਾ ਹੈ, ਬਲਕਿ ਇਸ ਨੇ ਪਿਛਲੇ 40 ਸਾਲਾਂ ਦੇ ਆਵਦੇ ਸੰਵਿਧਾਨਕ ਅਧਿਕਾਰ ਦੀ ਵੀ ਉਲੰਘਣਾ ਕੀਤੀ ਹੈ। ਸੁਪਰੀਮ ਕੋਰਟ ਦਾ ਇਹ ਪਿੱਛਲਮੋੜਾ ਹੈਰਾਨੀਜਨਕ ਹੈ ਕਿ 1982 ਤੋਂ ਲੈ ਕੇ ਇਹ ਪਟੀਸ਼ਨ ਕਰਤਾਵਾਂ ਨੂੰ ਅਜਿਹੀ ਰਾਹਤ ਪ੍ਰਦਾਨ ਕਰਦੀ ਆ ਰਹੀ ਹੈ ਕਿ ਹਰ ਵਰਗ ਦੀ ਆਪਣੇ ਕਰਮ ਖੇਤਰ ਮੁਤਾਬਕ ਕੁਝ ਨਾ ਕੁਝ ਘੱਟੋ-ਘੱਟ ਉਜਰਤ ਤਹਿ ਕੀਤੀ ਜਾਣੀ ਚਾਹੀਦੀ ਹੈ ਅਤੇ ਅਦਾਲਤ ਇਹ ਤਹਿ ਕਰਦੀ ਆਈ ਹੈ। ਅਦਾਲਤ ਵੱਲੋਂ ਇਹ ਫ਼ੈਸਲਾ ਪੈੱਨ ਥੋਡੀਲਾਲਾਰਗਲ ਸੰਗਮ ਵੱਲੋਂ ਦਾਇਰ ਇੱਕ ਪਟੀਸ਼ਨ ਦਾ ਨਿਪਟਾਰਾ ਕਰਦਿਆਂ ਦਿੱਤਾ ਗਿਆ।

ਇਹ ਫ਼ੈਸਲਾ ਇਸ ਲਈ ਵੀ ਜ਼ਿਕਰ ਕਰਨ ਯੋਗ ਹੈ, ਕਿਉਂਕਿ ਮੁਲਕ ਭਰ ਦੇ ਘਰੇਲੂ ਕਾਮਗਾਰਾਂ ਦੀਆਂ ਦਸ ਯੂਨੀਅਨਾਂ ਤੇ ਐਸੋਸੀਏਸ਼ਨਾਂ ਨੇ ਸਰਵ ਉੱਚ ਅਦਾਲਤ ਸਾਹਮਣੇ ਇਹ ਅਰਜ਼ੀ ਦਿੱਤੀ ਸੀ ਕਿ ਇਹ ਉਹਨਾਂ ਦਾ ਮੁੱਢਲਾ ਅਧਿਕਾਰ ਹੈ ਅਤੇ ਆਰਥਕ ਤੰਗੀਆਂ-ਤੁਰਸ਼ੀਆਂ ਕਾਰਨ ਅਗਰ ਕਿਸੇ ਵਿਅਕਤੀ ਨੂੰ ਆਪਣੇ ਆਪਦੇ ਸ਼ੋਸ਼ਤ ਹੋਣ ਤੋਂ ਬਚਣ ਲਈ ਕੋਈ ਨਾ ਕੋਈ ਘੱਟੋ-ਘੱਟ ਤਨਖ਼ਾਹਾਂ ਤੇ ਭੱਤੇ ਲੋੜੀਂਦੇ ਹੁੰਦੇ ਹਨ। ਅਜਿਹੇ ਬੰਧੂਆ ਮਜ਼ਦੂਰੀ ਵਾਲੇ ਸ਼ੋਸ਼ਣ ਤੋਂ ਬਚਣ ਲਈ ਸੰਵਿਧਾਨ ਦੀ ਧਾਰਾ 23 ਤਹਿਤ ਹੱਕ ਰਾਖਵੇਂ ਕੀਤੇ ਹੋਏ ਹਨ, ਤਾਂ ਜੋ ਉਹ ਵਗਾਰ ਵਾਲੀ ਗੁਲਾਮੀ ਦੇ ਗੇੜ ਵਿੱਚ ਫਸਣੋਂ ਬਚ ਸਕਣ। ਜਿਹੋ ਜਿਹੀ ਬੰਧੂਆ ਮਜ਼ਦੂਰੀ ਕਰਵਾਏ ਜਾਣ ਦਾ ਮਸਲਾ ਭੱਠਾ ਮਜ਼ਦੂਰਾਂ ਦੇ ਮਾਮਲੇ ਵਿੱਚ ਪਿਛਲੇ ਸਮੇਂ ਦੌਰਾਨ ਸਾਹਮਣੇ ਆਇਆ ਸੀ।

ਇਹਦੇ ਨਾਲ ਹੀ ਸੁਪਰੀਮ ਕੋਰਟ ਦਾ ਇਹ ਫੈਸਲਾ ਸੁਣਾਉਂਦਿਆਂ ਪਟੀਸ਼ਨ ਕਰਤਾਵਾਂ ਨੂੰ ਬੜੀ ਹੀ ਬੇਸ਼ਰਮੀ ਤੇ ਨਿੱਘਰੀ ਹੋਈ ਮਾਨਸਿਕਤਾ ਨਾਲ ਇਹ ਵੀ ਮੱਤ ਦੇਣੀ ਕਿ ਅਗਰ ਥੋਡੀ ਗੱਲ ਮੰਨਦਿਆਂ ਅਸੀਂ ਯਾਨਿ ਕਿ ਕੋਰਟ ਕੋਈ ਘੱਟੋ-ਘੱਟ ਉਜਰਤ ਨਿਰਧਾਰਤ ਕਰ ਵੀ ਦਿੰਦੇ ਹਾਂ ਤਾਂ ਧਿਆਨ ਰੱਖਿਓ, ਥੋਨੂੰ ਕਿਸੇ ਨੇ ਕੰਮ 'ਤੇ ਵੀ ਨਹੀਂ ਲਾਉਣਾ ਅਤੇ ਦਰ-ਦਰ ਦੀਆਂ ਠੋਕਰਾਂ ਖਾਂਦੇ ਫਿਰੋਗੇ।

ਅਜਿਹੇ ਮਾਮਲੇ ਅਦਾਲਤਾਂ ਅੰਦਰ ਅਕਸਰ ਹੀ ਬਹਿਸ ਅਧੀਨ ਲਿਆਏ ਜਾਂਦੇ ਰਹੇ ਹਨ। ਕਦੇ ਕਿਸੇ ਰੂਪ ਵਿੱਚ ਅਤੇ ਕਦੇ ਕਿਸੇ ਸ਼ਕਲ ਵਿੱਚ। ਸਾਡੇ ਮੁਲਕ ਦੇ ਹਾਕਮ ਭਾਰਤੀ ਸੰਵਿਧਾਨ ਦੀਆਂ ਵਡਿਆਈਆਂ ਮਾਰਦੇ ਥੱਕਦੇ ਨਹੀਂ ਕਿ ਇਹ ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਵਾਲਾ ਰਾਜ ਹੈ ਅਤੇ ਇਹਦਾ ਸੰਵਿਧਾਨ ਦੁਨੀਆ ਦੇ ਸਭ ਤੋਂ ਆਹਲਾ ਸੰਵਿਧਾਨਾਂ ਦੇ ਸਾਰ ਸਮੋਈ ਬੈਠਾ ਹੈ।

ਨਿਆਂ ਪਾਲਿਕਾ ਦੇ ਸਾਹਮਣੇ ਇੱਕ ਸਮਾਂ ਇਹ ਵੀ ਆਇਆ ਸੀ ਕਿ ਸੁਪਰੀਮ ਅਦਾਲਤ ਨੂੰ ਨਰਸਿਮਹਾ ਰਾਓ ਦੇ ਕਾਰਜਕਾਲ ਦੌਰਾਨ ਇਹ ਵੀ ਕਹਿਣਾ ਪਿਆ ਸੀ ਕਿ ਸੀ ਬੀ ਆਈ ਕੇਂਦਰੀ ਹਕੂਮਤ ਦੇ ਤੋਤੇ ਦਾ ਪਿੰਜਰਾ ਹੈ, ਪਰ ਹੁਣ ਸਰਬਉੱਚ ਅਦਾਲਤ ਵੱਲੋਂ ਸੁਣਾਏ ਗਏ ਹਾਲੀਆ ਸਾਲਾਂ ਵਿੱਚ ਆਏ ਫ਼ੈਸਲੇ ਗੰਭੀਰ ਚਿੰਤਾ ਦਾ ਵਿਸ਼ਾ ਹਨ । ਸਰਬਉੱਚ ਅਦਾਲਤ ਦੇ ਇਨ੍ਹਾਂ ਫੈਸਲਿਆਂ ਨੇ ਮੋਦੀ ਹਕੂਮਤ ਦੇ 2014 ਤੋਂ ਬਾਅਦ ਸ਼ੁਰੂ ਹੋਏ ਇਸ ਅਮਲ ਨੇ ਤੀਜੇ ਕਾਰਜਕਾਲ ਤੱਕ ਪਹੁੰਚਦਿਆਂ-ਪਹੁੰਚਦਿਆਂ ਵੱਡਾ ਕੂਹਣੀ ਮੋੜ ਕੱਟ ਲਿਆ ਹੈ। ਹੁਣ ਤਾਂ ਅਦਾਲਤ ਵੱਲੋਂ ਅਜਿਹਾ ਕੁਝ ਉਚਰਿਆ ਜਾਣਾ ਵੀ ਸਰਕਾਰ ਨੂੰ ਗਵਾਰਾ ਨਹੀਂ । ਸਰਕਾਰ ਐਨੀ ਕੁ ਨੁਕਤਾਚੀਨੀ ਨੂੰ ਵੀ ਬਰਦਾਸ਼ਤ ਨਹੀਂ ਕਰਦੀ। ਮਿਸਾਲਾਂ ਸਾਡੇ ਸਾਹਮਣੇ ਹਨ - 2002 ਦੇ ਗੁਜਰਾਤ ਦੰਗਿਆਂ ਦੇ ਦੋਸ਼ਾਂ ਦੀ ਸੁਣਵਾਈ ਕਰ ਰਹੇ ਜੱਜ ਲੋਇਆ ਦੀ ਭੇਦਭਰੇ ਹਾਲਤਾਂ ਅੰਦਰ ਹੋਈ ਮੌਤ, 2020-21 ਦੌਰਾਨ ਦਿੱਲੀ ਦੰਗਿਆਂ ਦੀ ਸੁਣਵਾਈ ਕਰ ਰਹੇ ਜਸਟਿਸ ਮੁਰਲੀਧਰਨ ਨੂੰ ਦਿੱਲੀ ਹਾਈਕੋਰਟ ਤੋਂ ਬਦਲ ਕੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਤਬਦੀਲ ਕਰਨਾ, ਜੱਜਾਂ ਦੇ ਤਬਾਦਲਿਆਂ ਵਿੱਚ ਕੇਂਦਰੀ ਹਕੂਮਤ ਦੇ ਦਖ਼ਲ, ਸੰਭਲ ਪੁਲਸ ਦੇ ਡੀ ਐੱਸ ਪੀ ਸਮੇਤ ਹੋਰਨਾਂ ਪੁਲਸ ਮੁਲਾਜ਼ਮਾਂ ਖਿਲਾਫ਼ ਐੱਫ ਆਈ ਆਰ ਦਰਜ ਕਰਨ ਦਾ ਹੁਕਮ ਦੇਣ ਵਾਲੇ ਚੀਫ ਜੁਡੀਸ਼ੀਅਲ ਮੈਜਿਸਟ੍ਰੇਟ ਦਾ ਤਬਾਦਲਾ ਅਹਿਮ ਘਟਨਾਵਾਂ ਹਨ।

ਸਰਬਉੱਚ ਅਦਾਲਤ ਵੱਲੋਂ ਰਾਮ ਜਨਮ ਭੂਮੀ-ਬਾਬਰੀ ਮਸਜਿਦ ਮਾਮਲਾ, ਜੰਮੂ-ਕਸ਼ਮੀਰ ਵਿੱਚੋਂ ਧਾਰਾ 370 ਅਤੇ 35 ਏ ਖ਼ਤਮ ਕਰਨ, ਨੋਟਬੰਦੀ, ਜੀ ਐਸ ਟੀ, ਰਫੇਲ ਜਹਾਜ਼, ਪੈਗਾਸਿਸ, ਹਿਡਨਬਰਗ ਰਿਪੋਰਟ ਆਦਿ ਦੇ ਮਾਮਲਿਆਂ ਵਿੱਚ ਕੋਈ ਵੀ ਦਖਲਅੰਦਾਜ਼ੀ ਕਰਨ ਦੀ ਕੋਈ ਜ਼ਰੂਰਤ ਹੀ ਨਹੀਂ ਸਮਝੀ।

ਦੂਜੇ ਪਾਸੇ ਅਦਾਲਤਾਂ ਅਜਿਹੇ ਫੈਸਲੇ ਵੀ ਬਹੁਤ ਹੀ ਤੱਦੀ ਨਾਲ ਕਰ ਰਹੀਆਂ ਹਨ, ਜੋ ਉਹਨਾਂ ਕਾਰਪੋਰੇਟਾਂ ਨਾਲ ਸੰਬੰਧਤ ਹਨ, ਜਿਹੜੇ ਮੋਦੀ ਹਕੂਮਤ ਦੇ ਖਾਸਮਖਾਸ ਘਰਾਣਿਆਂ ਪ੍ਰਤੀ ਸਵੱਲੀ ਨਜ਼ਰ ਰੱਖ ਰਹੇ ਹਨ। ਪੱਤਰਕਾਰਾਂ ਵੱਲੋਂ ਇਹਨਾਂ ਘਰਾਣਿਆਂ ਦੀ ਰਿਪੋਰਟ ਕਰਨ ਵਾਲੇ ਪੱਤਰਕਾਰਾਂ ਨੂੰ ਸਜ਼ਾ ਸੁਣਾਏ ਜਾਣ, ਸੋਸ਼ਲ ਮੀਡੀਆ ਦੇ ਪਲੇਟਫਾਰਮਾਂ ਤੋਂ ਕੰਟੈਂਟ ਹਟਾਉਣ ਦੇ ਹੁਕਮ ਸੁਣਾਉਣ, ਜਮਹੂਰੀ ਕਾਰਕੁਨਾਂ ਨੂੰ ਬਿਨਾਂ ਮੁਕੱਦਮਾ ਚਲਾਇਆਂ ਸਾਲਾਂਬੱਧੀ ਜੇਲ੍ਹਾਂ ਵਿੱਚ ਡੱਕੀ ਰੱਖਣ ਅਤੇ ਫਾਦਰ ਸਟੈਨ ਸਵਾਮੀ ਤੇ ਆਦਿਵਾਸੀ ਕਾਰਕੁਨ ਪਾਂਡੂ ਵਰਗੇ ਕਾਰਕੁੰਨਾਂ ਨੂੰ ਜੇਲ੍ਹਾਂ ਦੇ ਅੰਦਰ ਹੀ ਮਰਨ ਲਈ ਮਜਬੂਰ ਕਰਨ ਅਤੇ ਜੀ ਐੱਨ ਸਾਈਂ ਬਾਬਾ ਵਰਗਿਆਂ ਨੂੰ ਜੇਲਾਂ ਅੰਦਰਲੇ ਹਾਲਤਾਂ ਜ਼ਰੀਏ ਅਜਿਹੀ ਤਰ੍ਹਾਂ ਸਰੀਰਕ ਰੂਪ ਵਿੱਚ ਨਾਕਾਮ ਕਰ ਦੇਣਾ ਕਿ ਉਹ ਜੇਲ੍ਹ ਤੋਂ ਬਾਹਰ ਆਉਣ ਦੇ ਕੁਝ ਸਮੇਂ ਬਾਅਦ ਹੀ ਇਸ ਦੁਨੀਆਂ ਨੂੰ ਛੱਡ ਜਾਣ, ਪੰਜ-ਪੰਜ ਸਾਲ ਬੀਤ ਜਾਣ ਬਾਅਦ ਵੀ ਉਮਰ ਖਾਲਿਦ ਅਤੇ ਸ਼ਰਜੀਲ ਇਮਾਮ ਨੂੰ ਜ਼ਮਾਨਤ ਦੇਣ ਤੋਂ ਵੀ ਇਨਕਾਰ ਕਰਨ ਅਤੇ ਮੁਕੱਦਮਾ ਚਲਾਉਣ ਦੀ ਕੋਈ ਵਾਈ-ਧਾਈ ਵੀ ਨਾ ਹੋਣ ਦੀ ਹਾਲਤ ਵਿੱਚ ਹੀ ਰਹਿੰਦੀ ਕਸਰ ਅਦਾਲਤ ਨੇ ਉਸ ਹੁਕਮ ਨਾਲ ਪੂਰੀ ਕਰ ਦਿੱਤੀ ਕਿ ਇਹ ਜਮਹੂਰੀ ਕਾਰਕੁਨ ਅਗਲੇ ਇੱਕ ਸਾਲ ਤੱਕ ਸੁਪਰੀਮ ਕੋਰਟ ਵੱਲ ਜ਼ਮਾਨਤ ਲਈ ਵੀ ਮੂੰਹ ਹੀ ਨਾ ਕਰਨ।

ਇਹਦੇ ਉਲਟ ਕਿਸੇ ਨਾ ਕਿਸੇ ਰੂਪ ਵਿੱਚ ਸਰਕਾਰ ਦੇ ਵੰਡਪਾਊ ਤੇ ਫਿਰਕੂ ਫਾਸ਼ੀ ਅਜੰਡੇ ਨੂੰ ਜ਼ਰਬਾਂ ਦੇਣ ਵਾਲੇ ਬਲਾਤਕਾਰੀ/ਕਾਤਲ ਸਾਧਾਂ, ਲਖੀਮਪੁਰ ਦੇ ਪੰਜ ਕਿਸਾਨਾਂ ਦੇ ਕਾਤਲ ਅਜੇ ਮਿਸ਼ਰਾ ਟੈਣੀ ਦੇ ਪੁੱਤ ਅਸ਼ੀਸ਼ ਮਿਸ਼ਰਾ ਵਰਗਿਆਂ ਨੂੰ ਮੌਜਾਂ ਨਾਲ ਹੀ ਪੈਰੋਲ 'ਤੇ ਬਾਹਰ ਆਉਣ ਦਿੱਤਾ ਜਾਂਦਾ ਹੈ ।ਟਰੇਡ ਯੂਨੀਅਨਾਂ ਪ੍ਰਤੀ ਟਿੱਪਣੀਆਂ, ਘੱਟ ਗਿਣਤੀ ਮੁਸਲਿਮ ਤਬਕੇ ਖਿਲਾਫ਼ ਹੇਟ ਸਪੀਚ (ਨਫ਼ਰਤੀ ਜ਼ਹਿਰ ਉਗਾਲੀ) ਮਾਮਲਿਆਂ ਪ੍ਰਤੀ ਚੁੱਪੀ ਧਾਰਨ ਵਿੱਚ ਹੀ ਭਲਾਈ ਸਮਝੀ ਜਾਂਦੀ ਹੈ। ਸਰਬਉੱਚ ਅਦਾਲਤ ਦੇ ਹੁਕਮਾਂ ਦੇ ਬਾਵਜੂਦ ਵੀ ਯੂ ਏ ਪੀ ਏ, ਪੀ ਐਮ ਐਲ ਏ, ਬੁਲਡੋਜ਼ਰੀ ਮੁਹਿੰਮ ਜਾਰੀ ਰਹਿਣ ਆਦਿ । ਅਨੁਸੂਚਿਤ ਜਾਤੀ/ਅਨੁਸੂਚਿਤ ਕਬੀਲੇ ਅਤੇ ਹੋਰ ਪੱਛੜੀਆਂ ਸ਼੍ਰੇਣੀਆਂ ਪ੍ਰਤੀ ਹੁੰਦੇ ਵਿਤਕਰੇ ਨੂੰ ਰੋਕਣ ਵਾਲੇ ਖੁਦ ਦੇ ਹੀ ਹੁਕਮਾਂ ਉੱਪਰ ਮਨੂਵਾਦੀਆਂ ਅੱਗੇ ਗੋਡੇ ਟੇਕ ਕੇ ਰੋਕ ਲਾਉਣ ਅਤੇ ਪ੍ਰਧਾਨ ਮੰਤਰੀ ਮੋਦੀ ਦਾ ਡਿਗਰੀ ਵਿਵਾਦ, ਕਰਨਲ ਸੋਫੀਆ ਕੁਰੈਸ਼ੀ ਖਿਲਾਫ਼ ਮੱਧ ਪ੍ਰਦੇਸ਼ ਦੇ ਇੱਕ ਮੰਤਰੀ ਵਿਜੇ ਸ਼ਾਹ ਵੱਲੋਂ ਭੱਦੀਆਂ ਟਿੱਪਣੀਆਂ ਕਰਨ, ਐਪਸਟੀਨ ਫਾਈਲਾਂ ਵਿੱਚ ਪੈਟਰੋਲੀਅਮ ਮੰਤਰੀ ਹਰਦੀਪ ਪੁਰੀ ਦਾ ਨਾਂਅ ਬੋਲਣ ਦੇ ਬਾਵਜੂਦ ਚੁੱਪੀ ਸੇਧੀ ਰੱਖਣ, ਭਾਰਤੀ ਸੰਵਿਧਾਨ ਦੀ ਥਾਂ ਆਰ ਐੱਸ ਐੱਸ ਦੀ ਬੁਨਿਆਦ ਮਨੂੰ ਸਿਮਰਤੀ ਨੂੰ ਲਾਗੂ ਕਰਨ ਦੇ ਸ਼ਰੇਆਮ ਬਿਆਨ ਦੇਣ ਉਪਰੰਤ ਵੀ ਅਦਾਲਤਾਂ ਦੇ ਮੂੰਹ ਸੀਤੇ ਜਾਣੇ ਅਦਾਲਤਾਂ ਦੇ ਨਿਰਪੱਖ ਅਤੇ ਲੋਕ ਹੱਕਾਂ ਵਿੱਚ ਖੜ੍ਹਨ ਦੀਆਂ ਟਾਹਰਾਂ ਮਾਰਨ ਦੀ ਪੋਲ ਖੋਹਲਦੇ ਹਨ।

ਆਮ ਤੌਰ 'ਤੇ ਕਿਹਾ ਜਾਂਦਾ ਹੈ ਕਿ ਨਿਆਂ ਸਿਰਫ਼ ਹੋਣਾ ਹੀ ਨਹੀਂ ਚਾਹੀਦਾ, ਬਲਕਿ ਹੋਇਆ ਦਿਸਣਾ ਵੀ ਚਾਹੀਦਾ ਹੈ । ਨਿਆਂ ਪ੍ਰਬੰਧ ਦੀ ਜਿਸ ਸਰਬਉੱਚ ਅਦਾਲਤ ਨੇ ਕਦੇ ਸੀ ਬੀ ਆਈ ਨੂੰ ਕੇਂਦਰੀ ਸਰਕਾਰ ਦੇ ਤੋਤੇ ਦਾ ਪਿੰਜਰਾ ਕਿਹਾ ਸੀ, ਅੱਜ ਉਹੀ ਨਿਆਂ ਪ੍ਰਬੰਧ ਮੋਦੀ ਹਕੂਮਤ ਦੇ ਤੋਤੇ ਦਾ ਪਿੰਜਰਾ ਭਾਵ ਮੀਆਂ-ਮਿੱਠੂ ਬਣ ਚੁੱਕਿਆ ਹੈ । ਸਰਬਉੱਚ ਅਦਾਲਤ ਦੇ ਸਾਬਕਾ ਮੁੱਖ ਜੱਜਾਂ ਅਤੇ ਜੱਜਾਂ ਦੀ ਹੋਣੀ ਇੱਕ ਨਿਸ਼ਚਿਤ ਪੈਟਰਨ ਅਖ਼ਤਿਆਰ ਕਰ ਚੁੱਕੀ ਹੈ । ਬਹੁਤ ਸਾਰੇ ਜੱਜ ਸੇਵਾਮੁਕਤ ਹੋਣ ਤੋਂ ਤੁਰੰਤ ਬਾਅਦ ਸਿਆਸੀ ਛਤਰ-ਛਾਇਆ ਹੇਠ ਜਾ ਕੇ ਗਵਰਨਰ ਜਾਂ ਚੇਅਰਮੈਨ ਵਰਗਾ ਕੋਈ ਆਰਾਮਦਾਇਕ ਤੇ ਸਨਮਾਨਯੋਗ ਅਹੁਦਾ ਹਾਸਲ ਕਰ ਲੈਂਦੇ ਹਨ ।

ਹੁਣ ਥੋੜ੍ਹੀ ਜਿਹੀ ਗੱਲ ਕਾਨੂੰਨ ਬਾਰੇ ਵੀ ਕਰ ਲੈਣੀ ਚਾਹੀਦੀ ਹੈ, ਤਾਂ ਜੋ ਇਹ ਸਮਝ ਵਿੱਚ ਆ ਸਕੇ ਕਿ ਮੁਲਕ ਦੀ ਉੱਚ ਅਦਾਲਤ ਤੇ ਉਹਦੇ ਸਨਮਾਨਤ ਜੱਜ ਸਾਹਿਬਾਨ ਅਜਿਹਾ ਵਿਹਾਰ ਕਿਉਂ ਕਰ ਰਹੇ ਹਨ? ਲਾਅ ਜਾਂ ਕਾਨੂੰਨ ਦਾ ਪਹਿਲਾ ਅਰਥ ਹੀ ਹੈ ਕਿ ਇਹ ਇੱਕ ਜਾਇਦਾਦ ਦੀ ਮਾਲਕ ਜਮਾਤ ਦੀ ਧਾਰਨਾ 'ਤੇ ਖੜ੍ਹਾ ਹੈ। ਇਹ ਸਮਝਦਾ ਹੈ ਕਿ ਇੱਕ ਜਮਾਤ ਹੈ, ਜੀਹਦੇ ਕੋਲ ਜਾਇਦਾਦ ਹੈ ਅਤੇ ਹੋਰਨਾਂ ਕੋਲ ਜਾਇਦਾਦ ਨਹੀਂ । ਇੱਥੇ ਹੀ ਜਮਾਤੀ ਟਕਰਾਅ ਖੜ੍ਹਾ ਹੈ।ਅੰਗਰੇਜ਼ੀ ਦੀ ਇੱਕ ਕਹੌਤ ਵੀ ਹੈ ਕਿ ਕਾਨੂੰਨ ਦੇ ਦਸਾਂ 'ਚੋਂ ਨੌਂ ਹਿੱਸੇ ਜਾਇਦਾਦ ਦੇ ਹੀ ਨੇ, ਯਾਨੀ ਕਿ ਜਾਇਦਾਦਾਂ ਵਾਲਿਆਂ ਦੀ ਪੁੱਗਤ ਨੂੰ ਦਰਸਾਇਆ ਗਿਆ ਹੈ। ਉਨੀਵੀਂ ਸਦੀ ਦੇ ਅੰਗ੍ਰੇਜ਼ੀ ਕਵੀ ਤੇ ਆਲੋਚਕ ਮੈਥਿਊ ਆਰਨੌਲਡ ਦੇ ਕਹਿਣ ਵਾਂਗ ਕਾਨੂੰਨ ਨੂੰ ਇਉਂ ਵੀ ਕਿਹਾ ਜਾ ਸਕਦਾ ਹੈ ਕਿ ਜਾਇਦਾਦ ਹੀ ਕਾਨੂੰਨ ਦੀ ਜਨਮਦਾਤੀ ਹੈ। ਅਜਿਹੇ ਨਜ਼ਰੀਏ ਨਾਲ ਦੇਖਿਆਂ ਇਹ ਕਿਹਾ ਜਾ ਸਕਦਾ ਹੈ ਕਿ ਕਾਨੂੰਨ ਕੋਡਾਂ ਦੇ ਰੂਪ ਵਿੱਚ ਕੀਤੇ ਉਹ ਇਕਰਾਰਨਾਮੇ ਹਨ, ਜਿਹਨਾਂ ਤਹਿਤ ਜਾਇਦਾਦ ਮਾਲਕ ਗੁਲਾਮ ਜਮਾਤ ਵੱਲੋਂ ਪੈਦਾ ਕੀਤੇ ਸਾਧਨਾਂ ਦੀ ਲੁੱਟ ਨੂੰ ਵੰਡਦੇ ਹਨ । ਅਜਿਹੀ ਹਾਲਤ ਵਿੱਚ ਨਾਬਰਾਬਰੀਆਂ ਵਾਲੇ ਭਾਰਤੀ ਸਮਾਜਕ ਢਾਂਚੇ ਅੰਦਰ ਮੁਲਕ ਦੀਆਂ ਅਦਾਲਤਾਂ ਤੋਂ ਇਹ ਆਸ ਕਰਨੀ ਕਿ ਉਹ ਲੁਟੀਂਦੇ ਤਬਕਿਆਂ ਦੇ ਹਿੱਤਾਂ ਦੀ ਗੱਲ ਕਰਨਗੀਆਂ, ਝੋਟਿਆਂ ਦੇ ਘਰੋਂ ਲੱਸੀ ਭਾਲਣ ਵਾਂਗ ਹੈ।

ਅਦਾਲਤਾਂ ਤੇ ਅਦਾਲਤੀ ਢਾਂਚੇ ਬਾਰੇ ਆਪਣੇ ਕਾਵਿਕ ਲਹਿਜ਼ੇ ਵਿੱਚ ਪੰਜਾਬ ਦੇ ਸਿਰਮੌਰ ਕਵੀ ਸੁਰਜੀਤ ਪਾਤਰ ਦੀਆਂ ਲਿਖੀਆਂ ਇਹ ਸਤਰਾਂ ਐਨ ਸਟੀਕ ਢੁਕਦੀਆਂ ਹਨ -

*ਇਸ ਅਦਾਲਤ 'ਚ ਬੰਦੇ ਬਿਰਖ ਹੋ ਗਏ*
*ਫ਼ੈਸਲੇ ਸੁਣਦਿਆਂ ਸੁੱਕ ਗਏ*
*ਆਖੋ, ਇਹਨਾਂ ਨੂੰ ਉੱਜੜੇ ਘਰੀਂ ਜਾਣ ਹੁਣ*
*ਇਹ ਕਦੋਂ ਤੀਕ ਐਥੇ ਖੜ੍ਹੇ ਰਹਿਣਗੇ।*

ਪਰ ਅੱਜ ਇਹ ਵੇਲਾ ਘਰੋ-ਘਰੀ ਚਲੇ ਜਾਣ ਦਾ ਨਹੀਂ, ਘਰੀਂ ਵੜ ਜਾਣ ਦਾ ਨਹੀਂ, ਕੱਲਿਆਂ 'ਕਹਿਰਿਆਂ ਆਵਾਜ਼ ਉਠਾਉਣ ਦਾ ਨਹੀਂ, ਬਲਕਿ ਸਾਹਮਣੇ ਖੜ੍ਹੀਆਂ ਵਡੇਰੀਆਂ ਚੁਣੌਤੀਆਂ ਸੰਗ ਮੱਥਾ ਲਾਉਂਦਿਆਂ ਬਰਾਬਰਤਾ ਵਾਲੇ ਨਵੇਂ ਜਮਹੂਰੀ ਲੋਕ-ਪੱਖੀ ਸਮਾਜ ਦੀ ਉਸਾਰੀ ਲਈ ਜਮਾਤੀ ਸੰਘਰਸ਼ਾਂ ਦੇ ਪਿੜ ਮੱਲਣ ਦਾ ਹੈ। ਆਓ! ਇਸ ਦਿਸ਼ਾ ਵੱਲ ਹਰ ਕਦਮ ਅੱਗੇ ਵਧਾਉਣ ਦਾ ਜ਼ੋਰਦਾਰ ਅਹਿਦ ਕਰੀਏ।

**# ਸੰਪਰਕ : 94170-79720**

# ਵਿਗਿਆਨਕ ਸੋਚ ਵਕਤ ਦੀ ਮੁੱਖ ਲੋੜ

**ਮਾਸਟਰ ਪਰਮ ਵੇਦ**

ਅੱਜ ਦਾ ਯੁੱਗ ਵਿਗਿਆਨ ਦਾ ਯੁੱਗ ਹੈ, ਵਿਗਿਆਨ ਨੇ ਮਨੁੱਖ ਨੂੰ ਹਰ ਖੇਤਰ ਵਿੱਚ ਗਿਣਨਯੋਗ, ਸਹੂਲਤਾਂ ਨਾਲ ਲੈਸ ਕਰ ਦਿੱਤਾ ਹੈ । ਸੰਚਾਰ, ਆਵਾਜਾਈ, ਮਨੋਰੰਜਨ, ਰੋਜ਼ਾਨਾ ਜ਼ਿੰਦਗੀ ਦੇ ਹਰ ਖੇਤਰ ਦੀਆਂ ਸਹੂਲਤਾਂ ਵਿੱਚ ਵਿਗਿਆਨਕ ਖੋਜਾਂ ਦੀ ਬੱਲੇ-ਬੱਲੇ ਹੋ ਰਹੀ ਹੈ।ਇਹ ਵੱਖਰੀ ਗੱਲ ਹੈ ਕਿ ਬਹੁਤ ਵਾਰੀ ਵਿਗਿਆਨਕ ਖੋਜਾਂ, ਕਾਢਾਂ ਦੀ ਦੁਰਵਰਤੋਂ ਹੁੰਦੀ ਹੈ। ਟੈਲੀਵਿਜ਼ਨ ਲੈ ਲਵੋ, ਇਸ ਨੂੰ ਦੇਖਣ-ਸੁਨਣ ਲਈ ਦੋ ਗਿਆਨ ਇੰਦਰੀਆਂ ਅੱਖਾਂ ਤੇ ਕੰਨ ਕੰਮ ਕਰਦੇ ਹਨ, ਇਸ ਲਈ ਇਹ ਸਾਡੇ ਦਿਲ-ਦਿਮਾਗ ਨੂੰ ਬਹੁਤ ਛੇਤੀ ਪ੍ਰਭਾਵਤ ਕਰਦੇ ਹਨ ।ਅਕਸਰ ਕਾਰਪੋਰੇਟ , ਸਰਮਾਏਦਾਰ , ਸੱਤਾ 'ਤੇ ਕਾਬਜ਼ ਘਰਾਣੇ ਵਿਗਿਆਨ ਦੀਆਂ ਖੋਜਾਂ, ਤਕਨੀਕਾਂ ਦੀ ਹਮੇਸ਼ਾ ਆਪਣੇ ਮਕਸਦ ਲਈ ਵਰਤਦੇ ਹਨ ਤੇ ਅੰਧਵਿਸ਼ਵਾਸ ਫੈਲਾਉਂਦੇ ਹਨ।

ਇਲੈਕਟ੍ਰੋਨਿਕ ਮੀਡੀਆ ਲੈ ਲਵੋ, ਚੈਨਲਾਂ 'ਤੇ ਆਉਂਦੇ ਬਹੁਤੇ ਪ੍ਰੋਗਰਾਮ ਅਸਲੀਅਤ ਤੋਂ ਕੋਹਾਂ ਦੂਰ, ਅਸ਼ਲੀਲਤਾ ਤੇ ਮਨਘੜਤ, ਗੈਰ-ਵਿਗਿਆਨਕ, ਅਰਥਹੀਣ ਕਹਾਣੀਆਂ ਨਾਲ ਸਬੰਧਤ ਹੁੰਦੇ ਹਨ।ਇਸ ਲਈ ਸਾਡਾ ਲੋਕਾਂ ਦਾ ਸੋਚਣ ਢੰਗ ਵਿਗਿਆਨਕ ਨਹੀਂ ਬਣ ਰਿਹਾ।ਲੋਕ ਸੁਣੀ-ਸੁਣਾਈ ਗੱਲ 'ਤੇ ਬਹੁਤ ਛੇਤੀ ਵਿਸ਼ਵਾਸ ਕਰ ਲੈਂਦੇ ਹਨ।ਕੀ, ਕਿਉਂ,ਕਿਵੇਂ ਆਦਿ ਵਿਗਿਆਨਕ ਗੁਣ ਪੱਲੇ ਨਹੀਂ ਬੰਨ ਰਹੇ।

ਮੈਂ ਇੱਕ ਕੇਸ ਦਾ ਜ਼ਿਕਰ ਕਰਨਾ ਚਾਹੁੰਦਾ ਹਾਂ। ਪਿਛਲੇ ਕਈ ਸਾਲ ਪਹਿਲਾਂ ਲਹਿਰਾਗਾਗਾ ਇਲਾਕੇ ਦੇ ਇੱਕ ਪਿੰਡ ਵਿਖੇ ਇੱਕ ਜੋੜੇ ਦੇ 7- 8 ਕੁੜੀਆਂ ਮਗਰੋਂ ਮੁੰਡੇ ਦਾ ਜਨਮ ਹੋਇਆ। ਦੋ ਕੁ ਮਹੀਨਿਆਂ ਮਗਰੋਂ ਮੁੰਡਾ ਬੀਮਾਰ ਹੋ ਗਿਆ, ਪਿੰਡ ਦੇ ਡਾਕਟਰ ਤੋਂ ਦਵਾਈਆਂ ਲਈਆਂ, ਪਰ ਮੁੰਡਾ ਠੀਕ ਨਾ ਹੋਇਆ। ਮੁੰਡਾ ਗੰਭੀਰ ਹਾਲਤ ਵਿੱਚ ਆ ਗਿਆ। ਪਰਵਾਰ ਅੰਧਵਿਸ਼ਵਾਸੀ ਸੀ। ਪਿੰਡ ਦੀਆਂ ਔਰਤਾਂ ਆ ਕੇ ਕਹਿਣ ਲੱਗੀਆਂ-ਮੁੰਡੇ ਨੂੰ ਓਪਰੀ ਕਸਰ ਨਾ ਹੋਵੇ, ਆਪਣੇ ਪਿੰਡ ਦੇ ਡੇਰੇ ਵਾਲਾ ਜਿਹੜਾ ਪੁੱਛਾਂ ਕੱਢਦਾ ਹੈ, ਉਸ ਕੋਲ ਜਾ ਕੇ ਪੁੱਛ ਕੱਢਵਾ ਕੇ ਲਿਆਵੋ। ਅਤੀ ਗੰਭੀਰ ਹੋਣ 'ਤੇ ਉਹ ਮੁੰਡੇ ਨੂੰ ਲੈ ਕੇ ਉਸ ਕੋਲ ਪੁੱਛ ਕਢਵਾਉਣ ਗਏ, ਮੁੰਡਾ ਨੇ ਉਥੇ ਆਖ਼ਰੀ ਸਾਹ ਲਿਆ। ਅਖੌਤੀ ਸਿਆਣੇ ਨੇ ਕਿਹਾ -ਤੁਹਾਡੇ ਮੁੰਡੇ ਦੀ ਆਪਣੇ ਪਿੰਡ ਦੇ ਫਲਾਣੇ ਸਿਆਣੇ ਨੇ ਜਾਨ ਲੈ ਕੇ ਉਸ ਦਾ ਗੁਆਂਢੀ ਪਿੰਡ ਵਿੱਚ ਜਨਮ ਦਵਾ ਦਿੱਤਾ ਹੈ। ਪਰਵਾਰ ਏਨਾ ਲਾਈਲੱਗ, ਅੰਧਵਿਸ਼ਵਾਸੀ, ਵਹਿਮੀ ਸੀ ਕਿ ਉਸ ਨੇ ਅਖੌਤੀ ਸਿਆਣੇ ਦੀ ਕਹੀ ਇਸ ਸ਼ਰਾਰਤਮਈ, ਝੂਠੀ, ਮਨਘੜਤ ਗੱਲ ਨੂੰ ਵੀ ਇੱਕ ਦਮ ਸੱਚ ਮੰਨ ਲਿਆ । ਗੁੱਸੇ ਨਾਲ ਭਰੇ ਪੀਤੇ ਪਰਿਵਾਰਕ ਮੈਂਬਰ ਉਸ ਅਖੌਤੀ ਸਿਆਣੇ ਕੋਲ ਗਏ, ਬਿਨਾਂ ਗੱਲਬਾਤ ਕੀਤਿਆਂ ਉਸ ਨੂੰ ਦਰੱਖਤ ਨਾਲ ਬੰਨ੍ਹ ਦਿੱਤਾ । ਦਰੱਖ਼ਤ ਨਾਲ ਬੰਨ੍ਹਣ ਤੋਂ ਬਾਅਦ ਕਹਿੰਦੇ-ਸਾਡੇ ਜਵਾਕ ਦੀ ਜਾਨ ਲੈ ਕੇ ਤੂੰ ਫਲਾਣੇ ਪਿੰਡ ਉਸ ਦਾ ਜਨਮ ਕਿਉਂ ਦਵਾਇਆ । ਉਹ ਕਹਿੰਦਾ-ਮੈਂ ਕੁੱਝ ਨਹੀਂ ਕੀਤਾ, ਮੈਨੂੰ ਕੁਝ ਨਹੀਂ ਪਤਾ, ਮੈਂ ਸੱਚ ਬੋਲਦਾ ਆਂ ।ਪਰਵਾਰਕ ਮੈਂਬਰਾਂ 'ਤੇ ਇਸ ਦਾ ਕੋਈ ਅਸਰ ਨਹੀਂ ਹੋਇਆ, ਸਗੋਂ ਉਨ੍ਹਾਂ ਉਸ 'ਤੇ ਜੁੱਤੀ ਟੰਗ ਦਿੱਤੀ। ਆਖਰ ਉਸ ਨੇ ਮੁਆਫੀ ਮੰਗ ਕੇ ਜਾਨ ਬਚਾਈ। ਅਗਲੇ ਦਿਨ ਉਸ ਨੇ ਆਪਣੇ ਜਾਤੀ ਦੇ ਬੰਦਿਆਂ ਨੂੰ ਨਾਲ ਲੈ ਕੇ ਇਕੱਠ ਕੀਤਾ। ਪਿੰਡ ਵਿੱਚ ਕਾਫੀ ਝਗੜਾ ਵਧ ਗਿਆ। ਦੋ ਫਿਰਕਿਆਂ ਵਿੱਚ ਲੜਾਈ ਹੋਣ ਜਾ ਰਹੀ ਸੀ। ਮਸਲਾ ਤਰਕਸ਼ੀਲ ਸੁਸਾਇਟੀ ਕੋਲ ਆ ਗਿਆ। ਅਸੀਂ ਮਸਲੇ ਨੂੰ ਡੂੰਘਾਈ ਨਾਲ ਵਿਚਾਰਿਆ ।ਕਾਰਨ ਇਹ ਸੀ ਕਿ ਪਿੰਡ ਵਿੱਚ ਦੋ ਹਮ ਪੇਸ਼ਾਵਰਾਂ ਦੀ ਆਪਸੀ ਰੰਜਿਸ਼ ਸੀ। ਦੋਵੇਂ ਅਖੌਤੀ ਸਿਆਣਪ ਦਾ ਕੰਮ ਕਰਦੇ ਸੀ।ਇੱਕ ਡੇਰੇ ਵਿੱਚ ਕਰਦਾ ਸੀ, ਦੂਜਾ ਆਪਣੇ ਘਰ। ਦੋਵੇਂ ਇੱਕ-ਦੂਜੇ ਦੀ ਬੁਰਾਈ ਕਰਦੇ ਸੀ, ਕਹਿ ਲਵੋ ਇੱਕ-ਦੂਜੇ 'ਤੇ ਲੱਗਦੇ ਸੀ। ਪਹਿਲਾ ਅਖੌਤੀ ਸਿਆਣਾ ਮੌਕੇ ਦਾ ਫਾਇਦਾ ਉਠਾਉਣਾ ਚਾਹੁੰਦਾ ਸੀ।ਸਾਡੀ ਪੰਜ ਮੈਂਬਰੀ ਟੀਮ ਪਿੰਡ ਪਹੁੰਚੀ, ਪਿੰਡ ਦੇ ਲੋਕਾਂ ਦਾ ਇਕੱਠ ਕੀਤਾ, ਸਭ ਤੋਂ ਪਹਿਲਾਂ ਪਰਵਾਰ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ, ਦੁੱਖ ਸਾਂਝਾ ਕੀਤਾ । ਉਸ ਤੋਂ ਬਾਅਦ ਸਮਝਾਇਆ ਕਿ ਇਹ ਦੋਵੇਂ ਹਮ-ਪੇਸ਼ਾਵਰ ਹਨ, ਵਿਰੋਧਤਾ ਕੁਦਰਤੀ ਹੈ। ਬਿਨਾਂ ਖੁਵਾਏ, ਬਿਨਾਂ ਹੱਥ ਲਾਏ ਕਿਸੇ ਨੂੰ ਮਾਰਿਆ ਨਹੀਂ ਜਾ ਸਕਦਾ, ਇਸ ਤੋਂ ਅੱਗੇ ਕਿਸੇ ਕੋਲ ਅਜਿਹੀ ਕੋਈ ਸ਼ਕਤੀ ਨਹੀਂ ਜਿਸ ਸ਼ਕਤੀ ਨਾਲ ਕਿਸੇ ਬੱਚੇ ਨੂੰ ਮਾਰ ਕੇ, ਉਸ ਦਾ ਕਿਸੇ ਹੋਰ ਦੇ ਘਰ ਜਨਮ ਦਵਾਇਆ ਜਾ ਸਕੇ । ਅਸੀਂ ਫਿਰ ਪਿੰਡ ਦੇ ਲੋਕਾਂ ਤੇ ਪੀੜਤਾਂ ਨੂੰ ਕਿਹਾ ਕਿ ਕਿਸੇ ਕੋਲ ਕੋਈ ਸ਼ਕਤੀ ਨਹੀਂ ,ਜਿਸ ਨਾਲ ਅਜਿਹਾ ਕੀਤਾ ਜਾ ਸਕੇ। ਪੀੜਤ ਪਰਿਵਾਰ ਸੰਤੁਸ਼ਟ ਸੀ। ਉਨ੍ਹਾਂ ਕਿਹਾ-ਅਸੀਂ ਉਸ ਦੀਆਂ ਗੱਲਾਂ ਵਿੱਚ ਆ ਗਏ । ਤੁਸੀਂ ਆ ਗਏ ਵਧੀਆ ਕੀਤਾ, ਸਾਡੀ ਲੜਾਈ ਹੋਣੋਂ ਬਚ ਗਈ। ਅਸੀਂ ਲੋਕਾਂ ਨੂੰ ਸੁਣੀ-ਸੁਣਾਈ ਗੱਲਾਂ 'ਤੇ ਵਿਸ਼ਵਾਸ ਨਾ ਕਰਨ, ਅੰਧ-ਵਿਸ਼ਵਾਸਾਂ ਦੀ ਦਲਦਲ ਵਿਚੋਂ ਨਿਕਲਣ ਲਈ ਪ੍ਰੇਰਿਆ।

ਪੀੜਤ ਪਰਵਾਰ ਸਮੇਤ ਲੋਕਾਂ ਨੂੰ ਅਖੌਤੀ ਸਿਆਣਿਆਂ, ਤਾਂਤਰਿਕਾਂ, ਵਾਸਤੂਸ਼ਾਸਤਰੀਆਂ ਦੇ ਭਰਮ ਜਾਲ ਵਿੱਚੋਂ ਨਿਕਲ ਕੇ ਆਪਣੀ ਭਾਈਚਾਰਕ ਸਾਂਝ ਬਣਾ ਕੇ ਰੱਖਣ, ਆਪਣੀ ਕਮਾਈ ਆਪਣੇ ਪਰਵਾਰ 'ਤੇ ਖਰਚਣ, ਬਿਮਾਰੀਆਂ ਵੇਲੇ ਮਾਹਰ ਡਾਕਟਰਾਂ ਕੋਲ ਜਾਣ, ਲਾਈਲੱਗਤਾ ਤੇ ਅੰਧਵਿਸ਼ਵਾਸਾਂ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਚਾਨਣ ਵਿੱਚ ਆਉਣ ਦਾ ਸੱਦਾ ਦੇ ਕੇ ਵਾਪਸ ਆ ਗਏ।

**# ਸੰਪਰਕ : 94174-22349**

# ਭਾਰਤ -ਅਮਰੀਕਾ ਵਪਾਰ ਸਮਝੌਤੇ ਦੀਆਂ ਅੰਦਰੂਨੀ ਪਰਤਾਂ ਖੋਲ੍ਹਦਿਆਂ

**ਮੂਲ : ਅਰੁਣ ਕੁਮਾਰ**
**ਅਨੁਵਾਦ : ਐੱਮ ਐੱਸ ਭਾਟੀਆ**

ਸਰਕਾਰੀ ਤੌਰ 'ਤੇ ਇਸ ਸਮਝੌਤੇ ਨੂੰ ਦੋਹਾਂ ਪੱਖਾਂ ਲਈ ਫ਼ਾਇਦੇਮੰਦ ਦੱਸਿਆ ਜਾ ਰਿਹਾ ਹੈ, ਪਰ ਅਸਲ ਵਿੱਚ ਇਹ ਇੱਕ ਪੱਖੀ ਲੱਗਦਾ ਹੈ।

ਸੰਯੁਕਤ ਰਾਜ ਅਮਰੀਕਾ ਅਤੇ ਭਾਰਤ ਨੇ ਐਲਾਨ ਕੀਤਾ ਹੈ ਕਿ ਉਹ ਪ੍ਰਸਪਰ ਅਤੇ ਲਾਭਦਾਇਕ ਵਪਾਰ ਸੰਬੰਧੀ ਇੱਕ ਅੰਤਰਮ ਸਮਝੌਤੇ ਲਈ ਢਾਂਚਾਗਤ ਸਹਿਮਤੀ 'ਤੇ ਪਹੁੰਚ ਗਏ ਹਨ । ਇਸ ਵਿੱਚ ਵਾਧੂ ਬਾਜ਼ਾਰ ਪਹੁੰਚ ਦੇ ਵਚਨ ਅਤੇ ਸੰਤੁਲਿਤ ਅਤੇ ਪ੍ਰਸਪਰ ਵਪਾਰ ਲਈ ਬੱਧਤਾ ਸ਼ਾਮਲ ਹੋਵੇਗੀ।

ਭਾਰਤ-ਅਮਰੀਕੀ ਉਦਯੋਗਿਕ ਸਮਾਨ ਅਤੇ ਵੱਡੀ ਪੱਧਰ ਦੇ ਖਾਧ ਅਤੇ ਖੇਤੀਬਾੜੀ ਉਤਪਾਦਾਂ 'ਤੇ ਟੈਰਿਫ਼ ਘਟਾਏਗਾ ਜਾਂ ਖਤਮ ਕਰੇਗਾ । ਦੂਜੇ ਪਾਸੇ ਅਮਰੀਕਾ ਪ੍ਰਸਪਰ ਟੈਰਿਫ਼ ਦਰ ਲਾਗੂ ਕਰੇਗਾ। ਭਾਰਤ ਦਾ ਇਰਾਦਾ 500 ਬਿਲੀਅਨ ਡਾਲਰ ਅਮਰੀਕੀ ਉਤਪਾਦ ਖਰੀਦਣ ਦਾ ਵੀ ਦੱਸਿਆ ਗਿਆ ਹੈ ਅਤੇ ਦੋਵੇਂ ਦੇਸ਼ ਦੋ-ਪੱਖੀ ਵਪਾਰ ਸਮਝੌਤੇ ਲਈ ਗੱਲਬਾਤ ਰਾਹੀਂ ਬਾਜ਼ਾਰ ਪਹੁੰਚ ਨੂੰ ਹੋਰ ਵਧਾਉਣਗੇ। ਅੰਤ ਵਿੱਚ ਕਿਹਾ ਗਿਆ ਹੈ ਕਿ ਦੋਵੇਂ ਦੇਸ਼ ਇਸ ਢਾਂਚੇ ਨੂੰ ਜਲਦੀ ਲਾਗੂ ਕਰਦੇ ਹੋਏ ਇੱਕ ਪ੍ਰਸਪਰ ਲਾਭਦਾਇਕ ਦੋਪੱਖੀ ਵਪਾਰ ਸਮਝੌਤੇ ਨੂੰ ਅੰਤਮ ਰੂਪ ਦੇਣ ਵੱਲ ਵਧਣਗੇ।

ਸੰਖੇਪ ਵਿੱਚ ਇਸ ਵੇਲੇ ਸਿਰਫ਼ ਇੱਕ ਫਰੇਮਵਰਕ ਦਾ ਐਲਾਨ ਹੋਇਆ ਹੈ। ਮਾਰਚ ਦੇ ਮੱਧ ਤੱਕ ਅੰਤਰਮ ਸਮਝੌਤਾ ਆਉਣ ਦੀ ਗੱਲ ਹੈ ਅਤੇ ਬਾਅਦ ਵਿੱਚ ਇੱਕ ਪੂਰਾ ਦੋ-ਪੱਖੀ ਵਪਾਰ ਸਮਝੌਤਾ ਹੋਵੇਗਾ।

ਅਰਥਾਤ, ਹਾਲੇ ਸਿਰਫ਼ ਇੱਕ ਵਿਸਤ੍ਰਿਤ ਸਮਝ ਬਣੀ ਹੈ, ਵਿਸਥਾਰਕ ਸ਼ਰਤਾਂ ਤੈਅ ਹੋਣੀਆਂ ਬਾਕੀ ਹਨ। ਇਸ ਕਰਕੇ ਹੁਣ ਜੋ ਐਲਾਨ ਹੋਇਆ ਹੈ, ਉਸ ਵਿੱਚ ਤਬਦੀਲੀਆਂ ਹੋ ਸਕਦੀਆਂ ਹਨ, ਕਿਉਂਕਿ ਸਮਝੌਤਾ ਇੱਕ-ਪੱਖੀ ਦਿਖਦਾ ਹੈ, ਸੰਭਾਵਨਾ ਹੈ ਕਿ ਅਗਲੀਆਂ ਤਬਦੀਲੀਆਂ ਵੀ ਅਮਰੀਕਾ ਦੇ ਹੱਕ ਵਿੱਚ ਹੋਣ। ਭਾਰਤ ਦੀ ਕਿਸੇ ਵੀ ਕੀਮਤ 'ਤੇ ਸਮਝੌਤਾ ਕਰਨ ਦੀ ਤਿਆਰੀ ਨੂੰ ਹੋਰ ਦਬਾਅ ਬਣਾਉਣ ਲਈ ਵਰਤਿਆ ਜਾ ਸਕਦਾ ਹੈ। ਦੱਖਣੀ ਕੋਰੀਆ ਦੀ ਉਦਾਹਰਣ ਸਾਡੇ ਸਾਹਮਣੇ ਹੈ, ਜਿੱਥੇ ਅਮਰੀਕਾ ਨੇ ਵਾਅਦੇ ਪੂਰੇ ਨਾ ਕਰਨ ਦੇ ਬਹਾਨੇ ਸਮਝੌਤੇ ਨੂੰ ਬਦਲਣ ਦੀ ਧਮਕੀ ਦਿੱਤੀ ਸੀ।

**ਇੱਕ-ਪੱਖੀ ਸਮਝੌਤਾ**

ਭਾਰਤ ਸੰਤੁਲਿਤ ਵਪਾਰ ਲਈ ਵਚਨਬੱਧ ਹੋ ਰਿਹਾ ਹੈ, ਜਿਸ ਦਾ ਅਰਥ ਹੈ ਕਿ ਭਾਰਤ ਦਾ ਮੌਜੂਦਾ ਵਪਾਰਕ ਵਾਧਾ ਖਤਮ ਕੀਤਾ ਜਾਵੇ। ਇਸ ਨਾਲ ਭਾਰਤ ਨੂੰ ਜਾਂ ਤਾਂ ਆਪਣੀਆਂ ਨਿਰਯਾਤਾਂ ਘਟਾਉਣੀਆਂ ਪੈਣਗੀਆਂ ਜਾਂ ਅਮਰੀਕਾ ਤੋਂ ਆਯਾਤ ਵਧਾਉਣੀ ਪਵੇਗੀ।

ਅਮਰੀਕਾ ਵੱਲੋਂ 18 ਫੀਸਦੀ ਤੱਕ ਦੇ ਰੱਖਿਆਵਾਦੀ ਟੈਰਿਫ਼ ਲਗਾਏ ਜਾਣ ਕਾਰਨ ਭਾਰਤੀ ਨਿਰਯਾਤਾਂ ਵਿੱਚ ਕਮੀ ਆ ਸਕਦੀ ਹੈ। ਪਹਿਲਾਂ ਇਹ ਦਰ ਔਸਤ 2.5 ਫੀਸਦੀ ਸੀ। ਇਸ ਲਈ, ਭਾਵੇਂ ਭਾਰਤੀ ਨਿਰਯਾਤਕ ਆਪਣੇ ਮੁਨਾਫ਼ੇ ਘਟਾ ਵੀ ਲੈਣ, ਫਿਰ ਵੀ ਅਮਰੀਕੀ ਬਾਜ਼ਾਰ ਵਿੱਚ ਭਾਰਤੀ ਉਤਪਾਦ ਮਹਿੰਗੇ ਹੋ ਜਾਣਗੇ। ਇਸ ਨਾਲ ਮੰਗ ਘਟੇਗੀ।

ਇਸ ਦੇ ਹੱਕ ਵਿੱਚ ਦਲੀਲ ਦਿੱਤੀ ਜਾ ਰਹੀ ਹੈ ਕਿ ਅਮਰੀਕਾ ਵੱਲੋਂ ਭਾਰਤ 'ਤੇ ਲਗਾਇਆ ਟੈਰਿਫ਼ ਕੁਝ ਹੋਰ ਮੁਕਾਬਲਾਕਾਰ ਦੇਸ਼ਾਂ ਨਾਲੋਂ ਘੱਟ ਹੋਵੇਗਾ, ਪਰ ਬੰਗਲਾਦੇਸ਼ ਅਤੇ ਵੀਅਤਨਾਮ ਵਰਗੇ ਦੇਸ਼ਾਂ ਨਾਲ ਇਹ ਅੰਤਰ ਘੱਟ ਹੈ, ਜਿਸ ਨਾਲ ਵੱਡਾ ਫਰਕ ਨਹੀਂ ਪਵੇਗਾ। ਉਹ ਪਹਿਲਾਂ ਹੀ ਜ਼ਿਆਦਾ ਮੁਕਾਬਲਾਤਮਕ ਹਨ, ਇਸ ਲਈ ਉਨ੍ਹਾਂ ਨੂੰ ਫ਼ਾਇਦਾ ਰਹੇਗਾ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਰਾਸ਼ਟਰਪਤੀ ਟਰੰਪ ਦੀ ਨੀਤੀ ਹੈ ਕਿ ਉਤਪਾਦਨ ਅਮਰੀਕਾ ਵਿੱਚ ਹੀ ਹੋਵੇ ਅਤੇ ਉਹ ਬਹੁਰਾਸ਼ਟਰੀ ਕੰਪਨੀਆਂ ਨੂੰ ਅਮਰੀਕਾ ਵਿੱਚ ਨਿਵੇਸ਼ ਕਰਨ ਲਈ ਕਹਿ ਰਹੇ ਹਨ। ਇਸੇ ਲਈ ਉਹ ਸਾਰੇ ਦੇਸ਼ਾਂ 'ਤੇ ਰੱਖਿਆਵਾਦੀ ਟੈਰਿਫ਼ ਲਗਾ ਰਹੇ ਹਨ। ਜੇਕਰ ਇਹ ਹੁੰਦਾ ਹੈ, ਤਾਂ ਕੁੱਲ ਅਮਰੀਕੀ ਆਯਾਤ ਘਟੇਗੀ, ਜਿਸ ਨਾਲ ਸਾਰੇ ਦੇਸ਼ਾਂ ਲਈ ਬਾਜ਼ਾਰ ਸੁੰਗੜੇਗਾ ਅਤੇ ਅਮਰੀਕੀ ਬਾਜ਼ਾਰ ਵਿੱਚ ਮੁਕਾਬਲਾ ਵਧੇਗਾ । ਇਸ ਤਰ੍ਹਾਂ ਭਾਰਤ ਨੂੰ ਜੋ ਕੁਝ ਟੈਰਿਫ਼ ਦੇ ਫਰਕ ਕਰਕੇ ਫ਼ਾਇਦਾ ਮਿਲ ਸਕਦਾ ਹੈ, ਉਹ ਅਮਰੀਕੀ ਬਾਜ਼ਾਰ ਦੇ ਸੁੰਗੜਨ ਨਾਲ ਖਤਮ ਹੋ ਸਕਦਾ ਹੈ।

ਫਰਵਰੀ 2025 ਵਿੱਚ, ਜਦੋਂ ਪ੍ਰਧਾਨ ਮੰਤਰੀ ਮੋਦੀ ਰਾਸ਼ਟਰਪਤੀ ਟਰੰਪ ਨੂੰ ਮਿਲੇ ਸਨ, ਦੋਹਾਂ ਨੇ 2030 ਤੱਕ 500 ਅਰਬ ਡਾਲਰ ਦੇ ਦੋ-ਪੱਖੀ ਵਪਾਰ 'ਤੇ ਸਹਿਮਤੀ ਜਤਾਈ ਸੀ, ਪਰ ਟਰੰਪ ਨੇ ਇਸ ਨੂੰ ਪੰਜ ਸਾਲਾਂ ਵਿੱਚ ਭਾਰਤ ਵੱਲੋਂ 500 ਅਰਬ ਡਾਲਰ ਦੀ ਆਯਾਤ ਵਿੱਚ ਬਦਲ ਦਿੱਤਾ। ਕੀ ਇਹ ਸੰਭਵ ਹੈ, ਜਦੋਂ ਕਿ 2024-25 ਵਿੱਚ ਆਯਾਤ ਸਿਰਫ਼ 42 ਅਰਬ ਡਾਲਰ ਸੀ? ਪੰਜਵੇਂ ਸਾਲ ਤੱਕ ਆਯਾਤ ਦਾ ਟੀਚਾ ਬਹੁਤ ਤੇਜ਼ੀ ਨਾਲ ਵਧੇਗਾ ਅਤੇ ਜੇ ਇਹ ਪੂਰਾ ਨਾ ਹੋਇਆ, ਤਾਂ ਇਸ ਨੂੰ ਭਾਰਤ 'ਤੇ ਨਵੀਆਂ ਸ਼ਰਤਾਂ ਥੋਪਣ ਦਾ ਬਹਾਨਾ ਬਣਾਇਆ ਜਾ ਸਕਦਾ ਹੈ।

ਇਸ ਸੌਦੇ ਦੀ ਇਕ-ਪੱਖੀ ਪ੍ਰਕਿਰਤੀ ਹੋਰ ਵੀ ਸਪੱਸ਼ਟ ਹੋ ਜਾਂਦੀ ਹੈ, ਜਦੋਂ ਅਸੀਂ ਰੂਸ ਤੋਂ ਭਾਰਤ ਦੇ ਕੱਚੇ ਤੇਲ ਦੀ ਆਯਾਤ ਨੂੰ ਵੇਖਦੇ ਹਾਂ। 25 ਫ਼ੀਸਦੀ ਦੀ ਦੰਡਾਤਮਕ ਟੈਰਿਫ਼ ਹਟਾਉਣ ਨੂੰ ਇਸ ਗੱਲ ਨਾਲ ਜੋੜਿਆ ਗਿਆ ਹੈ ਕਿ ਭਾਰਤ ਰੂਸੀ ਕੱਚੇ ਤੇਲ ਦੀ ਆਯਾਤ ਨੂੰ ਜ਼ੀਰੋ ਤੱਕ ਲਿਆਵੇ। ਇਸ ਦਾ ਅਮਰੀਕਾ ਨਾਲ ਸੰਤੁਲਿਤ ਵਪਾਰ ਨਾਲ ਕੋਈ ਲੈਣਾ-ਦੇਣਾ ਨਹੀਂ । ਇਹ ਟਰੰਪ ਵੱਲੋਂ ਦਬਾਅ ਹੈ ਅਤੇ ਭਾਰਤ ਨੇ ਅਮਰੀਕਾ ਨੂੰ ਆਪਣੇ ਰਣਨੀਤਕ ਸੰਬੰਧਾਂ 'ਤੇ ਅਸਰ ਪਾਉਣ ਦੀ ਆਗਿਆ ਦੇ ਦਿੱਤੀ ਹੈ। ਰੂਸੀ ਤੇਲ ਦੀ ਆਯਾਤ ਨੂੰ ਹੌਲੀ-ਹੌਲੀ ਘਟਾਉਣ ਨਾਲ ਹੁਣ ਆਰਥਕ ਲਾਗਤ ਘੱਟ ਰਹਿ ਗਈ ਹੈ। ਅਸਲ ਲਾਗਤ ਰਣਨੀਤਕ ਅਤੇ ਰਾਜਨੀਤਕ ਹੈ।

**ਖੇਤੀਬਾੜੀ ਅਤੇ ਖੁਰਾਕ**

ਸਭ ਤੋਂ ਵੱਡਾ ਡਰ ਇਹ ਸੀ ਕਿ ਖੇਤੀਬਾੜੀ ਦੇ ਹਿੱਤਾਂ ਦੀ ਕੁਰਬਾਨੀ ਦਿੱਤੀ ਜਾਵੇਗੀ, ਕਿਉਂਕਿ ਅਮਰੀਕਾ ਵੱਲੋਂ ਕਿਹਾ ਜਾ ਰਿਹਾ ਸੀ ਕਿ ਉਸ ਦੇ ਕਿਸਾਨਾਂ ਨੂੰ ਵੱਡੀ ਭਾਰਤੀ ਮਾਰਕੀਟ ਤੱਕ ਪਹੁੰਚ ਮਿਲੇਗੀ। ਭਾਰਤੀ ਸਰਕਾਰੀ ਰੁੱਖ ਇਸ ਦੇ ਉਲਟ ਰਿਹਾ ਹੈ। ਕਿਹਾ ਗਿਆ ਹੈ ਕਿ ਭਾਰਤ ਨੂੰ ਅਮਰੀਕੀ ਮਾਰਕੀਟ ਵਿੱਚ ਕਈ ਮੁੱਖ ਖੇਤੀਬਾੜੀ ਉਤਪਾਦਾਂ ਲਈ ਪਹੁੰਚ ਮਿਲੇਗੀ, ਜਦਕਿ ਭਾਰਤੀ ਖੇਤੀਬਾੜੀ ਉਤਪਾਦ ਮੁੱਖ ਤੌਰ 'ਤੇ ਸੁਰੱਖਿਅਤ ਰਹਿਣਗੇ।

ਵਪਾਰ ਮੰਤਰੀ ਨੇ ਕਿਹਾ-ਸਾਰੇ ਸੰਵੇਦਨਸ਼ੀਲ ਉਤਪਾਦ ਸਮਝੌਤੇ ਤੋਂ ਬਾਹਰ ਰੱਖੇ ਗਏ ਹਨ। ਉਦਾਹਰਣ ਵਜੋਂ, ਜੀ ਐੱਮ (ਜੈਨੀਟਿਕਲੀ ਮੋਡੀਫਾਈਡ) ਉਤਪਾਦਾਂ ਨੂੰ ਭਾਰਤ ਵਿੱਚ ਆਉਣ ਦੀ ਇਜਾਜ਼ਤ ਨਹੀਂ ਹੋਵੇਗੀ । ਇਸੇ ਤਰ੍ਹਾਂ ਪੋਲਟਰੀ, ਡੇਅਰੀ, ਸੋਇਆ, ਮੱਕੀ, ਚੌਲ, ਕਣਕ, ਕੇਲੇ ਅਤੇ ਸਿਟਰਸ ਫਲ, ਦਾਲਾਂ (ਮੂੰਗ), ਤੇਲ ਬੀਜ, ਇਥੇਨੌਲ ਆਦਿ 'ਤੇ ਕੋਈ ਟੈਰਿਫ਼ ਕਟੌਤੀ ਨਹੀਂ ਕੀਤੀ ਜਾਵੇਗੀ।

ਉਨ੍ਹਾਂ ਇਹ ਵੀ ਕਿਹਾ ਕਿ ਭਾਰਤ ਦੇ ਕਈ ਖੇਤੀਬਾੜੀ ਨਿਰਯਾਤਾਂ 'ਤੇ ਡਿਊਟੀ 50 ਫ਼ੀਸਦੀ ਤੋਂ ਘਟਾ ਕੇ ਜ਼ੀਰੋ ਕੀਤੀ ਜਾਵੇਗੀ—ਜਿਵੇਂ ਕਿ ਮਸਾਲੇ, ਚਾਹ, ਕਾਫੀ, ਨਾਰੀਅਲ, ਖਾਣ ਵਾਲੇ ਤੇਲ, ਸੁਪਾਰੀ, ਕਾਜੂ, ਕਈ ਫਲ ਅਤੇ ਸਬਜ਼ੀਆਂ (ਐਵੋਕਾਡੋ ਅਤੇ ਆਮ ਸਮੇਤ), ਜੋ ਵਰਗੇ ਅਨਾਜ ਅਤੇ ਪ੍ਰੋਸੈਸਡ ਖੁਰਾਕ।

ਸਮਝੌਤੇ ਵਿੱਚ ਅਮਰੀਕੀ ਖੇਤੀਬਾੜੀ ਉਤਪਾਦਾਂ ਲਈ ਵਾਧੂ ਮਾਰਕੀਟ ਪਹੁੰਚ ਦੀ ਵੀ ਗੱਲ ਕੀਤੀ ਗਈ ਹੈ, ਜਿਸ ਵਿੱਚ ਡੀ ਡੀ ਜੀ ਐਸ (ਡਿਸਟਿਲਰਜ਼ ਡ੍ਰਾਇਡ ਗ੍ਰੇਨਜ਼ ਵਿਦ ਸੋਲਿਊਬਲਜ਼), ਸੋਇਆਬੀਨ ਤੇਲ, ਪਸ਼ੂ ਚਾਰੇ ਲਈ ਲਾਲ ਜੁਆਰ, ਟ੍ਰੀ ਨਟਸ, ਤਾਜ਼ੇ ਅਤੇ ਪ੍ਰੋਸੈਸਡ ਫਲ, ਵਾਈਨ ਅਤੇ ਸ਼ਰਾਬ ਅਤੇ ਹੋਰ ਉਤਪਾਦ ਸ਼ਾਮਲ ਹਨ ।

**ਖ਼ਤਰਨਾਕ ਅਣ-ਨਿਰਧਾਰਤ ਪੱਖ**

ਹੋਰ ਉਤਪਾਦ ਦਾ ਅਰਥ ਕੁਝ ਵੀ ਹੋ ਸਕਦਾ ਹੈ। ਟਰੰਪ ਜਿਵੇਂ ਸਮਝੌਤਿਆਂ ਨੂੰ ਤੁਰੰਤ ਬਦਲ ਦਿੰਦੇ ਹਨ ਅਤੇ ਭਾਰਤ ਨਾਲ ਗੱਲਬਾਤ ਦੁਵੱਲੇ ਵਪਾਰ ਸਮਝੌਤੇ ਤੱਕ ਜਾਰੀ ਰਹੇਗੀ, ਇਸ ਲਈ ਕੋਈ ਵੀ ਉਤਪਾਦ ਇਸ ਸ਼੍ਰੇਣੀ ਹੇਠ ਲਿਆ ਜਾ ਸਕਦਾ ਹੈ।

ਸਮਝੌਤੇ ਦੀ ਭਾਸ਼ਾ ਵੀ ਚਤੁਰਾਈ ਭਰੀ ਹੈ, ਜਿਵੇਂ ਕੁਝ ਵਿਸ਼ਲੇਸ਼ਕ ਦਰਸਾਉਂਦੇ ਹਨ। ਉਦਾਹਰਣ ਵਜੋਂ ਡਿਜੀਟਲ ਵਪਾਰ ਸੰਬੰਧੀ ਸ਼ਰਤ ਭਾਰਤ ਨੂੰ ਆਪਣੇ ਹਿੱਤਾਂ ਦੀ ਰੱਖਿਆ ਕਰਨ ਤੋਂ ਰੋਕ ਸਕਦੀ ਹੈ ਅਤੇ ਅਮਰੀਕੀ ਟੈੱਕ ਕੰਪਨੀਆਂ 'ਤੇ ਨਿਰਭਰਤਾ ਵਧਾ ਸਕਦੀ ਹੈ। ਭਾਰਤ ਦੇ ਸਰਟੀਫਿਕੇਸ਼ਨ ਨਿਯਮਾਂ ਨੂੰ ਗੈਰ-ਟੈਰਿਫ਼ ਰੁਕਾਵਟਾਂ ਕਹਿ ਕੇ ਬਦਲਣ ਲਈ ਮਜਬੂਰ ਕੀਤਾ ਜਾ ਸਕਦਾ ਹੈ, ਜਦਕਿ ਅਮਰੀਕੀ ਨਿਯਮਾਂ ਵਿੱਚ ਭਾਰਤੀ ਨਿਰਯਾਤਕਾਂ ਦੇ ਹੱਕ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ।

**ਨਤੀਜਾ**

ਸਮਝੌਤੇ ਵਿੱਚ ਕਿਹਾ ਗਿਆ ਹੈ ਕਿ ਅਮਰੀਕਾ ਅਤੇ ਭਾਰਤ ਦੁਵੱਲੇ ਵਪਾਰ ਸਮਝੌਤੇ ਦੀ ਗੱਲਬਾਤ ਰਾਹੀਂ ਮਾਰਕੀਟ ਪਹੁੰਚ ਦੇ ਮੌਕੇ ਹੋਰ ਵਧਾਉਣ ਲਈ ਕੰਮ ਕਰਨਗੇ । ਇਸ ਤਰ੍ਹਾਂ ਇਹ ਸਮਝੌਤਾ ਸਿਰਫ਼ ਸ਼ੁਰੂਆਤ ਹੈ ਅਤੇ ਅੰਤਮ ਵਪਾਰ ਸਮਝੌਤਾ ਸਹੀ ਹੋਣ ਤੱਕ ਕਾਫ਼ੀ ਕੁਝ ਬਦਲ ਸਕਦਾ ਹੈ। ਭਵਿੱਖ ਵਿੱਚ ਅਮਰੀਕਾ ਨਾਲ ਸੰਤੁਲਿਤ ਵਪਾਰ ਕਰਨ ਵਿੱਚ ਭਾਰਤ ਦੀ ਅਸਮਰਥਾ, ਰਾਸ਼ਟਰਪਤੀ ਟਰੰਪ ਨੂੰ ਭਾਰਤ 'ਤੇ ਹੋਰ ਦਬਾਅ ਬਣਾਉਣ ਦਾ ਮੌਕਾ ਦੇਵੇਗੀ। ਸੰਤੁਲਿਤ ਵਪਾਰ ਲਈ ਭਾਰਤ ਨੂੰ ਆਪਣਾ ਨਿਰਯਾਤ ਘਟਾਉਣਾ ਅਤੇ ਆਯਾਤ ਵਧਾਉਣਾ ਪਵੇਗਾ, ਜਿਸ ਨਾਲ ਦੇਸ਼ ਦੀ ਅੰਦਰੂਨੀ ਮਾਰਕੀਟ ਸੁੰਗੜੇਗੀ ਅਤੇ ਅਰਥ ਵਿਵਸਥਾ ਹੌਲੀ ਹੋ ਜਾਵੇਗੀ । ਇਸ ਦਾ ਸਿੱਧਾ ਅਸਰ ਕਿਸਾਨਾਂ ਅਤੇ ਮਜ਼ਦੂਰਾਂ 'ਤੇ ਪਵੇਗਾ, ਜੋ ਪਹਿਲਾਂ ਹੀ ਸਰਕਾਰ ਵੱਲੋਂ ਲਿਆਂਦੇ ਜਾ ਰਹੇ ਮਜ਼ਦੂਰ ਸੰਬੰਧੀ ਬਦਲਾਵਾਂ ਕਾਰਨ ਨੁਕਸਾਨ ਝੱਲ ਰਹੇ ਹਨ।

ਭਾਵੇਂ ਇਸ ਸਮਝੌਤੇ ਨੂੰ ਵਿਨ-ਵਿਨ ਦੱਸਿਆ ਜਾ ਰਿਹਾ ਹੈ, ਪਰ ਇਹ ਇਕ-ਪਾਸੜ ਹੈ। ਇਹੀ ਹਾਲਤ ਯੂਰਪੀ ਯੂਨੀਅਨ ਅਤੇ ਯੂ ਕੇ ਨਾਲ ਹੋਣ ਵਾਲੇ ਸਮਝੌਤਿਆਂ ਦੀ ਵੀ ਹੈ। ਨਤੀਜੇ ਵਜੋਂ ਵਿਕਸਿਤ ਦੇਸ਼ਾਂ ਨਾਲ ਵਪਾਰਕ ਸ਼ਰਤਾਂ ਸਾਡੇ ਖ਼ਿਲਾਫ਼ ਜਾਣ ਦੀ ਸੰਭਾਵਨਾ ਹੈ। ਇਸ ਨਾਲ ਇੱਕ ਘੁੰਮਣਘੇਰੀ ਬਣ ਜਾਵੇਗੀ, ਜਿਸ ਵਿੱਚ ਭਾਰਤ ਨੂੰ ਹੋਰ ਛੋਟਾਂ ਦੇਣ ਲਈ ਮਜਬੂਰ ਕੀਤਾ ਜਾਵੇਗਾ, ਇਥੋਂ ਤੱਕ ਕਿ ਉਹਨਾਂ ਖੇਤਰਾਂ ਵਿੱਚ ਵੀ, ਜਿਨ੍ਹਾਂ ਨੂੰ ਅਜੇ ਸੁਰੱਖਿਅਤ ਦੱਸਿਆ ਜਾ ਰਿਹਾ ਹੈ। ਜਿਵੇਂ-ਜਿਵੇਂ ਭਾਰਤ ਆਪਣੀ ਅਰਥ ਵਿਵਸਥਾ ਨੂੰ ਪੱਛਮੀ ਗਠਜੋੜ ਨਾਲ ਹੋਰ ਜ਼ਿਆਦਾ ਜੋੜਦਾ ਜਾਵੇਗਾ, ਬਰਿਕਸ ਜਾਂ ਐੱਸ ਸੀ ਓ ਵਰਗੇ ਮੰਚਾਂ 'ਤੇ ਹੋਰ ਦੇਸ਼ਾਂ ਨਾਲ ਮਿਲ ਕੇ ਦਬਾਅ ਦਾ ਮੁਕਾਬਲਾ ਕਰਨ ਦੀ ਸੰਭਾਵਨਾ ਘਟਦੀ ਜਾਵੇਗੀ। ਅਸਲ ਵਿੱਚ ਅੰਦਰ ਦੀ ਗੱਲ ਇਹ ਹੈ ਕਿ ਸਮਝੌਤਾ ਭਾਰਤ-ਪੱਖੀ ਨਹੀਂ ਹੈ।

**(ਅਰੁਣ ਕੁਮਾਰ 'ਭਾਰਤੀ ਅਰਥ ਵਿਵਸਥਾ ਦਾ ਸਭ ਤੋਂ ਵੱਡਾ ਸੰਕਟ : ਕੋਰੋਨਾ ਵਾਇਰਸ ਦਾ ਪ੍ਰਭਾਵ ਅਤੇ ਅੱਗੇ ਦਾ ਰਸਤਾ (2020)' ਕਿਤਾਬ ਦੇ ਲੇਖਕ ਹਨ।)**

**# ਸੰਪਰਕ : +91 99884-91002**

23-Feb-PAGE--8.qxd 2/22/2026 10:47 PM Page 1



# ਐੱਨ ਆਰ ਆਈ ਦੇ ਘਰ ਨੂੰ ਲੁਟੇਰਿਆ ਨੇ ਬਣਾਇਆ ਨਿਸ਼ਾਨਾ, ਲੱਖਾਂ ਦਾ ਸਮਾਨ ਚੋਰੀ

**ਨਕੋਦਰ (ਮਨਜੀਤ ਮਾਨ)**

ਤਹਿਸੀਲ ਨਕੋਦਰ ਅਧੀਨ ਪੈਂਦੇ ਕਸਬਾ ਪਿੰਡ ਮੂਸੇਵਾਲ ਵਿਖੇ ਐਨ ਆਰ ਆਈ ਬਲਵੀਰ ਸਿੰਘ ਪੁੱਤਰ ਭਜਨ ਸਿੰਘ ਦੇ ਘਰ ਦੇ ਦਰਵਾਜਿਆਂ ਦੇ ਜਿੰਦਰੇ ਤੋੜ ਕੇ ਘਰ ਅੰਦਰੋਂ ਤਿੰਨ ਐਲ ਈ ਡੀ, ਗੈਸ ਸਿਲੰਡਰ, ਵੱਡੇ ਬੂਫਰ, ਵੱਡੀ ਅਲਮੀਨੀਅਮ ਦੀ ਪੌੜੀ ਤੇ ਡੀ ਵੀ ਆਰ ਤੇ ਹੋਰ ਘਰ ਦਾ ਘਰੇਲੂ ਸਮਾਨ ਚੋਰੀ ਕਰਕੇ ਲੈ ਗਏ। ਇਸ ਸਬੰਧੀ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਐਨ ਆਰ ਆਈ ਦੇ ਨਜ਼ਦੀਕੀ ਰਿਸ਼ਤੇਦਾਰ ਬਲਜੀਤ ਸਿੰਘ ਮੱਲ੍ਹੀ,ਜਥੇਦਾਰ ਅੰਗਰੇਜ ਸਿੰਘ, ਜਥੇਦਾਰ ਹਰਪ੍ਰੀਤ ਸਿੰਘ ਨੇ ਦੱਸਿਆ ਕਿ ਚੋਰ ਘਰ ਦੀਆਂ ਕੰਧਾਂ ਟੱਪ ਕੇ ਦਾਖਲ ਹੋਏ ਤੇ ਗ੍ਰਿਲ ਤੇ ਕਮਰਿਆਂ ਦੇ ਜ਼ਿੰਦਰੇ ਤੋੜ ਕੇ ਘਰ ਅੰਦਰੋ ਕਰੀਬ ਢਾਈ, ਤਿੰਨ ਲੱਖ ਰੁਪਏ ਦਾ ਸਮਾਨ ਚੋਰੀ ਕਰਕੇ ਲੈ ਗਏ। ਪੀੜਤ ਪਰਵਾਰ ਨੇ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕਰਕੇ ਇਨਸਾਫ਼ ਦਿਵਾਇਆ ਜਾਵੇ।



ਇਸ ਘਟਨਾ ਨੂੰ ਲੈ ਕੇ ਪਿੰਡ ਤੇ ਇਲਾਕੇ ਦੇ ਲੋਕਾਂ ਵਿੱਚ ਡਰ ਤੇ ਸਹਿਮ ਵਾਲਾ ਮਾਹੌਲ ਬਣਿਆ ਹੋਇਆ ਹੈ। ਪਿੰਡ ਦੇ ਮੌਜੂਦਾ ਸਰਪੰਚ ਪਵਨਦੀਪ ਕੌਰ ਨੇ ਕਿਹਾ ਕਿ ਪਿੰਡ ਵਿੱਚ ਬਹੁਤ ਵਾਰ ਚੋਰੀਆਂ ਹੋ ਚੁਕੀਆਂ ਹਨ ਪਰ ਅੱਜ ਤੱਕ ਸਾਰੇ ਲੁਟੇਰੇ ਪੁਲਸ ਦੀ ਪਕੜ ਤੋਂ ਬਾਹਰ ਹਨ। ਸਰਪੰਚ ਪਵਨਦੀਪ ਕੌਰ ਕਿਹਾ ਕਿ ਦੋਸ਼ੀਆਂ ਨੂੰ ਜਲਦੀ ਗ੍ਰਿਫ਼ਤਾਰ ਕੀਤਾ ਜਾਵੇ ਤੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਇਆ ਜਾਵੇ। ਇਸ ਮੌਕੇ ਬਲਜੀਤ ਸਿੰਘ ਮੱਲ੍ਹੀ , ਰਣਜੀਤ ਸਿੰਘ ਸੋਹਲ ਤੋਂ ਇਲਾਵਾ ਹੋਰ ਆਗੂ ਹਾਜ਼ਰ ਸਨ।

# ਨੰਗਲ ਲੁਬਾਣਾ 'ਚ ਅੱਧੀ ਰਾਤ ਨੂੰ ਫਾਇਰਿੰਗ, ਘਰ ਨੂੰ ਬਣਾਇਆ ਨਿਸ਼ਾਨਾ

**ਕਪੂਰਥਲਾ (ਬਲਵਿੰਦਰ ਸਿੰਘ ਧਾਲੀਵਾਲ)**-ਕਪੂਰਥਲਾ ਜ਼ਿਲ੍ਹੇ ਦੇ ਥਾਣਾ ਬੇਗੋਵਾਲ ਅਧੀਨ ਪੈਂਦੇ ਪਿੰਡ ਨੰਗਲ ਲੁਬਾਣਾ ਵਿੱਚ ਅੱਧੀ ਰਾਤ ਉਸ ਵੇਲੇ ਦਹਿਸ਼ਤ ਫੈਲ ਗਈ ਜਦੋਂ ਅਣਪਛਾਤੇ ਵਿਅਕਤੀਆਂ ਵੱਲੋਂ ਇੱਕ ਘਰ ਨੂੰ ਟਾਰਗੇਟ ਕਰਦੇ ਹੋਏ ਫਾਇਰਿੰਗ ਕੀਤੀ ਗਈ। ਜਾਣਕਾਰੀ ਮੁਤਾਬਕ ਰਾਤ ਕਰੀਬ 1:30 ਵਜੇ ਦੋ ਵਿਅਕਤੀ ਮੌਕੇ 'ਤੇ ਪਹੁੰਚੇ ਅਤੇ ਘਰ ਵੱਲ ਕਈ ਰਾਊਂਡ ਗੋਲੀਆਂ ਚਲਾ ਕੇ ਫਰਾਰ ਹੋ ਗਏ।ਜਾਣਕਾਰੀ ਮੁਤਾਬਕ ਇਹ ਫਾਇਰਿੰਗ ਦਵਿੰਦਰ ਸਿੰਘ ਉਰਫ ਪ੍ਰਿੰਸ ਪੁੱਤਰ ਸੁਖਦੇਵ ਸਿੰਘ ਵਾਰਡ ਨੰਬਰ 9 ਨੰਗਲ ਲੁਬਾਣਾ ਦੇ ਰਹਿਣ ਵਾਲੇ ਦੇ ਘਰ ਦੇ ਬਾਹਰ ਹੋਈ। ਦਵਿੰਦਰ ਸਿੰਘ ਦੋ ਹਫ਼ਤੇ ਪਹਿਲਾਂ ਹੀ ਅਮਰੀਕਾ ਤੋਂ ਵਾਪਸ ਪਿੰਡ ਆਇਆ ਸੀ। ਅਣਪਛਾਤੇ ਦੋ ਨੌਜਵਾਨ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਅਤੇ ਘਰ ਦੇ ਬਾਹਰ ਪਿਸਤੌਲ ਫਾਇਰ ਕਰਕੇ ਫਰਾਰ ਹੋ ਗਏ। ਦੋਵੇਂ ਵਿਅਕਤੀਆਂ ਦੇ ਮੂੰਹ ਬੰਨੇ ਹੋਏ ਸਨ।ਘਟਨਾ ਦੌਰਾਨ ਇਲਾਕੇ ਵਿੱਚ ਦਹਿਸ਼ਤ ਦਾ ਮਾਹੌਲ ਬਣ ਗਿਆ। ਖੁਸ਼ਕਿਸਮਤੀ ਨਾਲ ਕਿਸੇ ਜਾਨੀ ਨੁਕਸਾਨ ਦੀ ਸੂਚਨਾ ਨਹੀਂ ਮਿਲੀ, ਪਰ ਘਰ 'ਤੇ ਗੋਲੀਆਂ ਦੇ ਨਿਸ਼ਾਨ ਮਿਲੇ ਹਨ।ਪੂਰੀ ਵਾਰਦਾਤ ਨੇੜੇ ਲੱਗੇ ਸੀ ਸੀ ਟੀ ਵੀ ਕੈਮਰਿਆਂ ਵਿੱਚ ਕੈਦ ਹੋ ਗਈ ਹੈ, ਸੂਚਨਾ ਮਿਲਦੇ ਹੀ ਪੁਲਸ ਮੌਕੇ 'ਤੇ ਪਹੁੰਚ ਗਈ ਤੇ ਇਲਾਕੇ 'ਚ ਜਾਂਚ ਸ਼ੁਰੂ ਕਰ ਦਿੱਤੀ ਹੈ। ਫੁਟੇਜ ਅਤੇ ਹੋਰ ਸਬੂਤਾਂ ਦੇ ਆਧਾਰ 'ਤੇ ਦੋਸ਼ੀਆਂ ਦੀ ਪਛਾਣ ਕਰਨ ਦੀ ਕੋਸ਼ਿਸ਼ ਜਾਰੀ ਹੈ। ਮਾਮਲੇ ਸੰਬੰਧੀ ਹੋਰ ਵੇਰਵਿਆਂ ਦੀ ਉਡੀਕ ਕੀਤੀ ਜਾ ਰਹੀ ਹੈ।

# ਮਾਂ ਬੋਲੀ ਦਿਵਸ ਮਨਾਇਆ





**ਜਲੰਧਰ (ਸ਼ੈਲੀ ਐਲਬਰਟ)**

ਇੰਨੋਸੈਂਟ ਹਾਰਟਸ ਕਾਲਜ ਆਫ਼ ਐਜੂਕੇਸ਼ਨ ਦੀ ਐੱਨ ਐੱਸ ਐੱਸ ਯੂਨਿਟ ਨੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਦੀ ਸ਼ੁੱਧਤਾ ਅਤੇ ਸ਼ਾਨ ਨੂੰ ਅਮੀਰ ਅਤੇ ਸੁਰੱਖਿਅਤ ਰੱਖਣ ਦੇ ਉਦੇਸ਼ ਨਾਲ 'ਮਾਂ ਬੋਲੀ ਦਿਵਸ' ਮਨਾਇਆ। ਇਸ ਮੌਕੇ ਸਹੁੰ ਚੁੱਕ ਸਮਾਗਮ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸਿੱਖਿਆਰਥੀਆਂ ਅਤੇ ਵਿਦਿਆਰਥੀ-ਅਧਿਆਪਕਾਂ ਨੇ ਆਪਣੀ ਮਾਂ-ਬੋਲੀ ਨੂੰ ਇਸ ਦੇ ਸ਼ੁੱਧ ਰੂਪ ਵਿੱਚ ਬਚਾਉਣ, ਸੰਭਾਲਣ ਅਤੇ ਆਉਣ ਵਾਲੀਆਂ ਪੀੜ੍ਹੀਆਂ ਤੱਕ ਪਹੁੰਚਾਉਣ ਤੇ ਆਪਣੀ ਮਾਂ ਬੋਲੀ ਨੂੰ ਸੱਭਿਆਚਾਰ ਨਾਲ ਜੋੜਨ ਲਈ ਸਹੁੰ ਚੁੱਕੀ।ਸਲੋਗਨ ਰਾਈਟਿੰਗ ਤੇ ਪੋਸਟਰ ਮੇਕਿੰਗ ਮੁਕਾਬਲੇ ਵੀ ਕਰਵਾਏ ਗਏ। ਵਿਦਿਆਰਥੀਆਂ-ਅਧਿਆਪਕਾਂ ਨੇ ਆਪਣੇ ਕਲਾਤਮਕ ਪੋਸਟਰਾਂ ਰਾਹੀਂ ਆਪਣੀ ਮਾਂ ਬੋਲੀ ਪ੍ਰਤੀ ਪਿਆਰ ਅਤੇ ਸਤਿਕਾਰ ਨੂੰ ਦਰਸਾਇਆ। ਪੋਸਟਰ ਮੇਕਿੰਗ ਮੁਕਾਬਲੇ ਵਿੱਚ ਕਨਿਕਾ ਤੇ ਈਸ਼ਾਨ ਸ਼ਰਮਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਨਾਲ ਹੀ ਕਰਨ ਅਤੇ ਮਨਮੀਤ ਕੌਰ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਬਹੁਤ ਸਾਰੀਆਂ ਸਲੋਗਨ ਲਿਖਤਾਂ ਨੇ ਪੰਜਾਬੀ ਭਾਸ਼ਾ ਦੀ ਮਹੱਤਤਾ ਤੇ ਅਜੋਕੇ ਸਮੇਂ ਦੀ ਸਾਰਥਕਤਾ ਨੂੰ ਉਜਾਗਰ ਕੀਤਾ। ਸਲੋਗਨ ਲਿਖਣ ਮੁਕਾਬਲੇ ਵਿੱਚ ਅਵਨੀਤ ਕੌਰ ਤੇ ਜੋਤੀ ਨੇ ਪਹਿਲਾ ਸਥਾਨ, ਰਬਪ੍ਰੀਤ ਕੌਰ ਨੇ ਦੂਜਾ ਸਥਾਨ ਅਤੇ ਮਨਦੀਪ ਸ਼ਾਹੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ। ਪ੍ਰਿੰਸੀਪਲ ਡਾ. ਅਰਜਿੰਦਰ ਸਿੰਘ ਨੇ ਜੇਤੂਆਂ ਨੂੰ ਵਧਾਈ ਦਿੱਤੀ ਅਤੇ ਸਾਰੇ ਪ੍ਰਤੀਯੋਗੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ।

# ਵਿਧਾਇਕ ਜਿੰਪਾ ਨੇ ਕੀਤਾ ਚੌਧਰੀ ਕਾਰ ਕੇਅਰ ਦਾ ਉਦਘਾਟਨ



**ਹੁਸ਼ਿਆਰਪੁਰ (ਓ ਪੀ ਰਾਣਾ)**

ਉੱਘੇ ਸਮਾਜ ਸੇਵੀ ਸ਼ਾਮ ਕੁਮਾਰ ਗੋਨੀ ਸੈਣੀ ਦੇ ਸਪੁੱਤਰ ਪ੍ਰਿੰਸ ਸੈਣੀ ਵੱਲੋਂ ਚੰਡੀਗੜ੍ਹ ਰੋਡ ਨੇੜੇ ਖੇਤੀ ਭਵਨ ਅਸਲਾਮਾਬਾਦ ਵਿਖੇ ਆਪਣੇ ਨਵੇਂ ਕਾਰੋਬਾਰ ਚੌਧਰੀ ਕਾਰ ਕੇਅਰ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਮੁੱਖ ਮਹਿਮਾਨ ਵਜੋਂ ਪਹੁੰਚੇ ਹਲਕਾ ਹੁਸ਼ਿਆਰਪੁਰ ਦੇ ਵਿਧਾਇਕ ਸਾਬਕਾ ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਰੀਬਨ ਕੱਟ ਕੇ ਚੌਧਰੀ ਕਾਰ ਕੇਅਰ ਦਾ ਉਦਘਾਟਨ ਆਪਣੇ ਕਰ ਕਮਲਾਂ ਨਾਲ ਕੀਤਾ।ਇਸ ਮੌਕੇ ਵਿਧਾਇਕ ਜਿੰਪਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਿਥੇ ਪੰਜਾਬ ਸਰਕਾਰ ਨੌਜਬਾਨਾਂ ਲਈ ਵਿਸ਼ੇਸ਼ ਰੁਜ਼ਗਾਰ ਦੇ ਮੌਕੇ ਪੈਦਾ ਕਰ ਰਹੀ ਹੈ ਅਤੇ ਪੰਜਾਬ ਦੀ ਆਪ ਸਰਕਾਰ ਵਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਵੱਡੀ ਪੱਧਰ ਤੇ ਸਰਕਾਰੀ ਨੌਕਰੀਆਂ ਦਿਤੀਆਂ ਜਾ ਰਹੀਆਂ ਹਨ,ਓਥੇ ਮਿਹਨਤੀ ਨੌਜਵਾਨ ਆਪਣੇ ਕਾਰੋਬਾਰ ਖੋਹਲਕੇ ਆਪਣਾ ਭਵਿੱਖ ਸੁਨਿਹਰਾ ਬਣਾ ਰਹੇ ਹਨ।ਇਸ ਮੌਕੇ ਸ਼ਾਮ ਕੁਮਾਰ ਗੋਨੀ ਸੈਣੀ, ਏਅਰਮੈਨ ਤਰਲੋਚਨ ਸਿੰਘ,ਰਣਵੀਰ ਸਿੰਘ ਸਿੱਧੂ, ਜਗਦੀਪ ਸਿੰਘ ਸੇਠੀ, ਰਜਿੰਦਰ ਸਿੰਘ ਬੱਬੀ, ਹਰਜੀਤ ਸਿੰਘ ਲਾਡੀ ਬਸਪਾ ਆਗੂ, ਤਰਸੇਮ ਸਿੰਘ ਪੱਪੀ, ਦਲਵਿੰਦਰ ਸਿੰਘ ਸਿੱਧੂ, ਮਹਿੰਦਰ ਸਿੰਘ ਭੰਬੋ, ਐਡਵੋਕੇਟ ਸਰਬਜੀਤ ਝਮਟ, ਮਨਮੋਹਨ ਸਿੰਘ ਗੋਰੀ, ਰਵੀ ਨਾਂਗਲੂ ,ਗੁਰਦੀਪ ਸਿੰਘ ਅਸਲਾਮਾਬਾਦ, ਨਵਦੀਪ ਡਡਵਾਲ, ਅਸ਼ੋਕ ਕੁਮਾਰ ਹੈਪੀ, ਵਿਸ਼ਾਲ ਲੂਥਰਾ ਅਤੇ ਭਾਰੀ ਗਿਣਤੀ ਵਿਚ ਸ਼ਹਿਰ ਵਾਸੀ ਹਾਜ਼ਰ ਸਨ।

# ਧਾਰਮਿਕ ਸਮਾਗਮ ਸਮਾਜ 'ਚ ਭਾਈਚਾਰੇ, ਏਕਤਾ ਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਦੇ : ਰੰਧਾਵਾ

**ਜ਼ੀਰਕਪੁਰ (ਵਿਨੈ ਕੁਮਾਰ ਜੈਨ)**

ਚੰਡੀਗੜ੍ਹ ਇਨਕਲੇਵ ਬਸਤੀ ਬਿਸ਼ਨਪੁਰਾ, ਜ਼ੀਰਕਪੁਰ ਵਿੱਚ ਵਿਸ਼ਾਲ ਧਰਮ ਸੰਮੇਲਨ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਹਲਕਾ ਵਿਧਾਇਕ ਡੇਰਾਬੱਸੀ ਕੁਲਜੀਤ ਸਿੰਘ ਰੰਧਾਵਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਸਤਸੰਗ ਦੇ ਵਿਚਾਰ ਸੁਣੇ।ਇਸ ਮੌਕੇ ਸੰਤ ਮਹਾਂਪੁਰਖਾਂ ਵੱਲੋਂ ਧਰਮ, ਸੇਵਾ ਅਤੇ ਮਨੁੱਖਤਾ ਦੇ ਮਾਰਗ 'ਤੇ ਚੱਲਣ ਦੀ ਪ੍ਰੇਰਣਾ ਦਿੱਤੀ ਗਈ।ਆਪਣੇ ਸੰਬੋਧਨ ਦੌਰਾਨ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਨੇ ਕਿਹਾ ਕਿ ਅਜਿਹੇ ਧਾਰਮਿਕ ਸਮਾਗਮ ਸਮਾਜ ਵਿੱਚ ਭਾਈਚਾਰੇ, ਏਕਤਾ ਅਤੇ ਆਪਸੀ ਸਾਂਝ ਨੂੰ ਮਜ਼ਬੂਤ ਕਰਦੇ ਹਨ।ਉਨ੍ਹਾਂ ਨੇ ਕਿਹਾ ਕਿ ਸਾਨੂੰ ਸਭ ਨੂੰ ਮਿਲਜੁਲ ਕੇ ਦੇਸ਼, ਧਰਮ ਅਤੇ ਸਮਾਜ ਦੀ ਭਲਾਈ ਲਈ ਕੰਮ ਕਰਨਾ ਚਾਹੀਦਾ ਹੈ ਅਤੇ ਨੌਜਵਾਨ ਪੀੜ੍ਹੀ ਨੂੰ ਆਪਣੇ ਸੰਸਕਾਰਾਂ ਨਾਲ ਜੋੜਨਾ ਸਮੇਂ ਦੀ ਲੋੜ ਹੈ।ਵਿਧਾਇਕ ਰੰਧਾਵਾ ਨੇ ਸਮਾਗਮ ਦੇ ਸਫਲ ਆਯੋਜਨ ਲਈ ਪ੍ਰਬੰਧਕ ਕਮੇਟੀ ਨੂੰ ਵਧਾਈ ਦਿੱਤੀ ਅਤੇ ਭਵਿੱਖ ਵਿੱਚ ਵੀ ਅਜੇਹੇ ਪ੍ਰੇਰਨਾਦਾਇਕ ਸਮਾਗਮ ਕਰਵਾਉਣ ਲਈ ਉਤਸ਼ਾਹਿਤ ਕੀਤਾ।ਇਸ ਮੌਕੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸੰਗਤ ਮੌਜੂਦ ਰਹੀ।



# ਵਿਦਿਆਰਥੀਆਂ ਨੂੰ 1 ਲੱਖ 4 ਹਜ਼ਾਰ ਦੀ ਰਾਸ਼ੀ ਵੰਡੀ

**ਬੰਗਾ (ਅਵਤਾਰ ਕਲੇਰ)**

ਬੰਗਾ ਵਿਖੇ ਇੰਡੀਅਨ ਸ਼ਡਿਊਲਡ ਕਾਸਟ ਵੈਲਫੇਅਰ ਐਸੋਸੀਏਸ਼ਨ ਯੂ ਕੇ ਸੰਸਥਾ ਵੱਲੋਂ ਰਾਸ਼ੀ ਵੰਡੀ ਗਈ ਜਿਸ ਵਿੱਚ ਇੰਗਲੈਂਡ ਤੋਂ ਆਏ ਸ੍ਰੀ ਗੁਰੂ ਰਵਿਦਾਸ ਗੁਰਦੁਆਰੇ ਦੇ ਪ੍ਰਧਾਨ ਤੇ ਸੰਸਥਾ ਦੇ ਵਾਈਸ ਪ੍ਰਧਾਨ ਸੁਰਿੰਦਰ ਕੁਮਾਰ ਸੋਢੀ ਵੱਲੋਂ ਵਿਦਿਆਰਥੀਆਂ ਨੂੰ 1 ਲੱਖ 4 ਹਜ਼ਾਰ ਰਾਸ਼ੀ ਵੰਡੀ ਗਈ। ਉਨਾਂ ਦੇ ਨਾਲ ਲੇਖ ਰਾਜ ਪਾਲ ਸੰਸਥਾ ਦੇ ਸੈਕਟਰੀ ਵੀ ਮੌਜੂਦ ਸਨ। ਸੁਰਿੰਦਰ ਕੁਮਾਰ ਸੋਢੀ ਨੇ ਬੱਚਿਆਂ ਨੂੰ ਸੰਬੋਧਨ ਕਰਦੇ ਕਿਹਾ ਸਾਡੀ ਸੰਸਥਾ ਵੱਲੋਂ ਜੋ 14 ਸਾਲਾਂ ਤੋਂ ਮਦਦ ਕੀਤੀ ਜਾਂਦੀ ਹੈ ਇਸ ਮਦਦ ਵਿੱਚੋਂ ਕੁਝ ਬੱਚੇ ਚੰਗੇ ਪੜ੍ਹ ਲਿਖ ਕੇ ਵਿਦੇਸ਼ਾਂ ਵਿੱਚ ਸੈਟਲ ਹੋ ਗਏ ਹਨ ਤੇ ਕੁਝ ਵਿਦਿਆਰਥੀ ਸਰਕਾਰੀ ਨੌਕਰੀਆਂ ਤੇ ਸੈੱਟ ਹੋ ਗਏ ਹਨ। ਸਾਡੀ ਇਹ ਤੁਹਾਨੂੰ ਅਪੀਲ ਹੈ ਕਿ ਪੜ੍ਹਾਈ ਵਿੱਚ ਵਧੀਆ ਨੰਬਰ ਲੈ ਕੇ ਪਾਸ ਹੋਵੋ ਅਤੇ ਜ਼ਿੰਦਗੀ ਵਿੱਚ ਆਪਣੇ ਮਾਂ ਬਾਪ ਦਾ ਨਾਂ ਰੌਸ਼ਨ ਕਰੋ। ਸੰਸਥਾ ਦੇ ਚੇਅਰਮੈਨ ਪਰਮਜੀਤ ਸਿੰਘ ਸਾਬਕਾ ਸਰਪੰਚ ਗੁਣਾਂਚੌਰ ਨੇ ਕਿਹਾ ਜਿੰਨਾ ਚਿਰ ਸਟੂਡੈਂਟ ਆਪਣੀ ਪੜ੍ਹਾਈ ਜਾਰੀ ਰੱਖਣਗੇ ਜਾਂ ਆਪਣੀ ਮੰਜ਼ਿਲ ਤੇ ਨਹੀਂ ਪਹੁੰਚਦੇ ਸਾਡੀ ਸੰਸਥਾ ਵੱਲੋਂ ਇਹਨਾਂ ਵਿਦਿਆਰਥੀਆਂ ਨੂੰ ਮਦਦ ਜਾਰੀ ਰਹੇਗੀ। ਸਮਾਗਮ ਵਿੱਚ ਸੰਸਥਾ ਦੇ ਰਿਟਾਇਰ ਕਮਾਂਡਰ ਸਵਰਗੀ ਗਿਆਨ ਸਿੰਘ ਕੁਝ ਸਮਾਂ ਪਹਿਲਾਂ ਉਹਨਾਂ ਦੀ ਮੌਤ ਹੋ ਗਈ ਸੀ। ਇੰਗਲੈਂਡ ਤੋਂ ਆਏ ਸੰਸਥਾਂ ਦੇ ਵਾਈਸ ਪ੍ਰਧਾਨ ਤੇ ਸੈਕਟਰੀ ਤੇ ਪੰਜਾਬ ਦੀ ਸੰਸਥਾ ਤੇ ਵਿਦਿਆਰਥੀਆਂ ਨੂੰ ਗਿਆਨ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਤੇ ਦੋ ਮਿੰਟ ਦਾ ਮੌਨ ਧਾਰ ਕੇ ਉਹਨਾਂ ਨੂੰ ਯਾਦ ਕੀਤਾ।ਸਮਾਗਮ ਵਿੱਚ ਬੂਟਾ ਸਿੰਘ, ਜਸਪਾਲ ਸਿੰਘ ਹੀਓਂ, ਅਮਰਜੀਤ ਜੱਸਲ, ਅਮਰਜੀਤ ਰੁੜਕਾ, ਰਾਮ ਲੁਭਾਇਆ, ਗੁਣਾਚੌਰ, ਕੁਲਵੰਤ ਸਿੰਘ ਨੰਬਰਦਾਰ, ਚਰਨਜੀਤ ਸਿੰਘ ਨੰਬਰਦਾਰ, ਬਹਾਦਰ ਸਿੰਘ ਸਰਪੰਚ ਆਦਿ ਸ਼ਾਮਿਲ ਸਨ।



# ਮਹਾਤਮਾ ਜੋਤੀਰਾਓ ਤੇ ਸਾਵਿਤਰੀ ਬਾਈ ਫੂਲੇ ਨੇ ਹਨੇਰੇ 'ਚ ਸਿੱਖਿਆ ਦਾ ਦੀਵਾ ਜਗਾਇਆ : ਮੁੱਖ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਤਵਾਰ ਨੂੰ ਦਿੱਲੀ ਦੇ ਮੰਗੋਲਪੁਰੀ ਵਿੱਚ ਕੌਮਾਂਤਰੀ ਸੈਣੀ ਭਵਨ ਦਾ ਉਦਘਾਟਨ ਕੀਤਾ। ਉਨ੍ਹਾਂ ਨੇ ਇਸ ਭਵਨ ਵਿੱਚ ਸਥਾਪਿਤ ਕੀਤੀ ਗਈ ਮਹਾਤਮਾ ਬੁੱਧ, ਮਹਾਤਮਾ ਜੋਤੀਰਾਓ ਫੂਲੇ, ਮਾਤਾ ਸਾਵਿਤਰੀ ਬਾਈ ਫੂਲੇ, ਮਹਾਰਾਜ ਸ਼ੂਰ ਸੈਣੀ ਦੇ ਬੁੱਤ ਦਾ ਕੀਤਾ। ਉਨ੍ਹਾਂ ਨੇ ਸਾਵਿਤਰੀਬਾਈ ਜੋਤੀਰਾਓ ਫੂਲ ਟਰਸਟ ਨੂੰ 51 ਲੱਖ ਰੁਪਏ ਦੇਣ ਦਾ ਐਲਾਨ ਵੀ ਕੀਤਾ।ਇਸ ਦੌਰਾਨ ਸੰਬੋਧਿਤ ਕਰਦੇ ਹੋਏ ਮੁੱਖ ਮੰਤਰੀ ਨੇ ਕਿਹਾ ਕਿ ਮਹਾਤਮਾ ਜੋਤੀਰਾਓ ਫੂਲੇ ਤੇ ਮਾਤਾ ਸਾਵਿਤਰੀ ਬਾਈ ਫੂਲੇ ਨੇ ਹਨੇਰੇ ਵਿੱਚ ਸਿਖਿਆ ਦਾ ਦੀਵਾ ਜਗਾਇਆ।

# ਮਨ ਕੀ ਬਾਤ ਦੇਸ਼ ਵਾਸੀਆਂ ਨੂੰ ਇੱਕ ਧਾਗੇ 'ਚ ਪਰੋਣ ਦਾ ਕੰਮ ਕਰਦਾ : ਕੈਬਨਿਟ ਮੰਤਰੀ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਹਰਿਆਣਾ ਦੇ ਲੋਕ ਨਿਰਮਾਣ ਅਤੇ ਜਨ ਸਿਹਤ ਇੰਨਜੀਨੀਅਰਿੰਗ ਮੰਤਰੀ ਰਣਬੀਰ ਗੰਗਵਾ ਨੇ ਹਿਸਾਰ ਵਿੱਚ ਮੀਲ ਗੇਟ 'ਤੇ ਲੋਕਾਂ ਦੇ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਪ੍ਰਸਿੱਧ ਮਹੀਨਾ ਰੇਡਿਓ ਪ੍ਰੋਗਰਾਮ ਮਨ ਕੀ ਬਾਤ ਨੂੰ ਸਮੂਹਿਕ ਰੂਪ ਨਾਲ ਸੁਣਿਆ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਦਾ ਇਹ ਯਤਨ ਦੇਸ਼ਵਾਸੀਆਂ ਨੂੰ ਇੱਕ ਧਾਗੇ ਵਿੱਚ ਪਿਰੋਣ ਦਾ ਕੰਮ ਕਰਦਾ ਹੈ।

# ਸਾਂਗ ਮਹੋਤਸਵ ਅੱਜ ਤੋਂ 27 ਤੱਕ

**ਚੰਡੀਗੜ੍ਹ, (ਕ੍ਰਿਸ਼ਨ ਗਰਗ)**-ਰਿਵਾਇਤੀ ਲੋਕਨਾਟਕ ਵਿਧਾ ਨੂੰ ਪ੍ਰੋਤਸਾਹਿਤ ਕਰਨ ਦੇ ਉਦੇਸ਼ ਨਾਲ 23 ਤੋਂ 27 ਫਰਵਰੀ, 2026 ਤੱਕ ਪੰਜ ਦਿਨਾਂ ਦੇ ਸਾਂਗ ਮਹੋਤਸਵ ਦਾ ਆਯੋਜਨ ਕੁਰੂਕਸ਼ੇਤਰ ਵਿੱਚ ਕੀਤਾ ਜਾ ਰਿਹਾ ਹੈ, ਜਿਸ ਵਿੱਚ ਪੂਰੇ ਸੂਬੇ ਦੇ ਕਲਾਕਾਰ ਸਾਂਗਸ ਦੀ ਪੇਸ਼ਗੀ ਦੇਣਗੇ।ਇੱਕ ਸਰਕਾਰੀ ਬੁਲਾਰੇ ਨੇ ਇਸ ਸਬੰਧ ਵਿੱਚ ਜਾਣਕਾਰੀ ਦਿੰਦੇ ਹੋਏ ਦਸਿਆ ਕਿ ਸੂਚਨਾ, ਲੋਕ ਸੰਪਰਕ ਅਤੇ ਭਾਸ਼ਾ ਵਿਭਾਗ ਹਰਿਆਣਾ ਵੱਲੋਂ ਧਨਪਤ ਸਿੰਘ ਸਾਂਗੀ ਸਮ੍ਰਿਤੀ ਪੁਰਸਕਾਰ ਦੇ ਮੌਕੇ ਵਿੱਚ ਇਸ ਸ਼ਾਨਦਾਰ ਸਾਂਗ ਮਹੋਤਸਵ ਦਾ ਆਯੋਜਨ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਰੋਜ਼ਾਨਾ ਸਵੇਰੇ 11 ਵਜੇ ਤੋਂ ਕਲਾਕ੍ਰਿਤੀ ਭਵਨ, ਹਰਿਆਣਾ ਕਲਾ ਪਰਿਸ਼ਦ, ਨੇੜੇ ਬ੍ਰਹਮਸਰੋਵਰ, ਕੁਰੂਕਸ਼ੇਤਰ ਵਿੱਚ ਆਯੋਜਿਤ ਕੀਤਾ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਮਹਾਰਾਜ ਦਾ ਪ੍ਰਕਾਸ਼ ਦਿਹਾੜਾ ਮਨਾਇਆ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**-ਸ੍ਰੀ ਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮਰਪਤ ਪਿੰਡ ਸੁੰਨੜ ਕਲਾਂ ਵਿਖੇ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਅਖੰਡ ਪਾਠ ਸਾਹਿਬ ਆਰੰਭ ਕਰਵਾਏ ਗਏ ਤੇ ਭੋਗ ਪਾਏ ਗਏ। ਉਪਰੰਤ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਸ੍ਰੀ ਗੁਰੂ ਰਵਿਦਾਸ ਜੀ ਦੇ ਗੁਰਦੁਆਰੇ ਤੋਂ ਅਰੰਭ ਕਰਕੇ ਸਾਰੇ ਪਿੰਡ ਦੀ ਪਰਿਕਰਮਾ ਕਰਦੇ ਹੋਏ ਬੈਂਡ ਵਾਜਿਆਂ ਦੇ ਨਾਲ ਸੰਗਤਾਂ ਵਲੋਂ ਬਾਣੀ ਦੇ ਜਾਪ ਕਰਦੀਆਂ ਹੋਈਆਂ ਵਾਪਿਸ ਗੁਰਦੁਆਰੇ ਸਮਾਪਤ ਹੋਇਆ। ਇਸੇ ਦੌਰਾਨ ਵੱਖ ਵੱਖ ਲੰਗਰ ਖੀਰ, ਠੰਡਿਆਂ ਦੀਆਂ ਛਬੀਲਾਂ, ਛੋਲੇ ਪੂੜੀਆਂ, ਕੜਾਹ ਪ੍ਰਸ਼ਾਦ ਆਦਿ ਦੇ ਲੰਗਰ ਵਰਤਾਏ ਗਏ।

# ਬਾਬਾ ਹਰਦੇਵ ਸਿੰਘ ਦੇ ਜਨਮ ਦਿਹਾੜੇ ਮੌਕੇ ਵਿਸ਼ੇਸ਼ ਸਫਾਈ ਮੁਹਿੰਮ



**ਅੱਡਾ ਸਰਾਂ ਟਾਂਡਾ ਉੜਮੁੜ, (ਜਸਵੀਰ ਕਾਜਲ, ਉਂਕਾਰ ਸਿੰਘ)**

ਸ਼ਿਮਲਾ ਪਹਾੜੀ ਪਾਰਕ ਟਾਂਡਾ ਵਿਖੇ ਸਤਿਗੁਰੂ ਬਾਬਾ ਹਰਦੇਵ ਸਿੰਘ ਜੀ ਦੇ ਜਨਮ ਦਿਹਾੜੇ ਦੇ ਪਾਵਨ ਅਵਸਰ 'ਤੇ ਨਿਰੰਕਾਰੀ ਸੰਗਤ ਵੱਲੋਂ ਸਤਿਗੁਰੂ ਮਾਤਾ ਸੁਦੀਕਸ਼ਾ ਜੀ ਮਹਾਰਾਜ ਜੀ ਦੀ ਪ੍ਰੇਰਣਾ ਹੇਠ ਵਿਸ਼ਾਲ ਸਫਾਈ ਅਭਿਆਨ ਚਲਾਇਆ ਗਿਆ।ਇਹ ਸੇਵਾ ਕਾਰਜ ਬਾਬਾ ਹਰਦੇਵ ਸਿੰਘ ਜੀ ਦੀ ਯਾਦ ਨੂੰ ਸਮਰਪਿਤ ਸੀ, ਜਿਨ੍ਹਾਂ ਨੇ ਮਨੁੱਖਤਾ ਦੀ ਭਲਾਈ, ਸੇਵਾ ਅਤੇ ਸਾਦਗੀ ਦਾ ਸੰਦੇਸ਼ ਦਿੱਤਾ। ਉਨ੍ਹਾਂ ਦੀਆਂ ਸਿੱਖਿਆਵਾਂ ਤੋਂ ਪ੍ਰੇਰਿਤ ਹੋ ਕੇ ਸੰਗਤ ਨੇ ਪਾਰਕ ਤੇ ਆਸ-ਪਾਸ ਦੇ ਇਲਾਕੇ ਵਿਚ ਸਫਾਈ ਕਰਕੇ ਸਮਾਜ ਨੂੰ ਸਵੱਛਤਾ ਦਾ ਸੰਦੇਸ਼ ਦਿੱਤਾ।ਇਸ ਮੌਕੇ ਮਾਤਾ ਸੁਦੀਕਸ਼ਾ ਜੀ ਮਹਾਰਾਜ ਦੀ ਪ੍ਰੇਰਣਾ ਨੂੰ ਯਾਦ ਕਰਦਿਆਂ ਬ੍ਰਾਂਚ ਮੁਖੀ ਪ੍ਰੇਮਪਾਲ ਸਿੰਘ ਨੇ ਕਿਹਾ ਕਿ ਸਫਾਈ ਸਿਰਫ਼ ਬਾਹਰੀ ਵਾਤਾਵਰਣ ਦੀ ਨਹੀਂ, ਸਗੋਂ ਅੰਦਰੂਨੀ ਸੁੱਚਤਾ ਦੀ ਵੀ ਨਿਸ਼ਾਨੀ ਹੈ। ਉਨ੍ਹਾਂ ਆਖਿਆ ਕਿ ਸਤਿਗੁਰੂ ਦਾ ਵਚਨ ਹੈ ਕਿ ਪ੍ਰਦੂਸ਼ਣ ਭਾਵੇ ਬਾਹਰੀ ਹੋਵੇ ਜਾ ਅੰਦਰ ਹੋਵੇ ਦੋਨੋ ਖਤਰਨਾਕ ਹਨ। ਸਫਾਈ ਅਭਿਆਨ ਦੌਰਾਨ ਸੰਗਤ ਨੇ ਪਲਾਸਟਿਕ ਅਤੇ ਹੋਰ ਕੂੜਾ ਇਕੱਠਾ ਕਰਕੇ ਢੰਗ ਨਾਲ ਨਿਸਤਾਰਨ ਕੀਤਾ।ਨਗਰ ਕੌਂਸਲ ਟਾਂਡਾ ਦੇ ਪ੍ਰਧਾਨ ਗੁਰਸੇਵਕ ਮਾਰਸ਼ਲ ਤੇ ਸ਼ਿਮਲਾ ਪਹਾੜੀ ਵਿਕਾਸ ਪ੍ਰੋਜੈਕਟ ਲਾਇਨਜ਼ ਕਲੱਬ ਦੇ ਮੈਂਬਰ ਗੁਲਸ਼ਨ ਅਰੋੜਾ ਨੇ ਨਿਰੰਕਾਰੀ ਸੰਗਤ ਦੇ ਉੱਦਮ ਦੀ ਸਲਾਘਾ ਕਰਦੇ ਹੋਏ ਆਖਿਆ ਕਿ ਸਤਿਗੁਰੂ ਜੀ ਦੇ ਦੱਸੇ ਰਸਤੇ 'ਤੇ ਚੱਲ ਕੇ ਹੀ ਅਸੀਂ ਇਕ ਸੁਖੀ ਅਤੇ ਸ਼ਾਂਤਮਈ ਸਮਾਜ ਦੀ ਸਥਾਪਨਾ ਕਰ ਸਕਦੇ ਹਾਂ।ਇਸ ਮੌਕੇ ਮਨਪ੍ਰੀਤ ਸਿੰਘ, ਸਤਪ੍ਰਕਾਸ਼, ਮੋਹਨ ਲਾਲ ਡਿੰਪੀ, ਜਸਵੀਰ ਸਿੰਘ, ਕੁਲਦੀਪ ਸਿੰਘ, ਮਹਿੰਦਰਪਾਲ, ਸੁਰਿੰਦਰਪਾਲ, ਸ਼ਰਨਵੀਰ, ਕਰਨਜੀਤ, ਸਰਬਜੀਤ ਬਬਲੂ, ਰੇਣੂ ਪਾਲ, ਪਰਮਜੀਤ ਕੌਰ, ਵੰਦਨਾ, ਸੁਰਜੀਤ ਕੌਰ, ਜਸਵੀਰ ਸਿੰਘ ਕਾਜਲ, ਸੋਨੀਆ, ਬੇਅੰਤ ਕੌਰ, ਪ੍ਰੀਤਮ ਕੌਰ, ਰੇਸ਼ਮ ਸਿੰਘ ਆਦਿ ਨੇ ਸੇਵਾਵਾਂ ਦਿੱਤੀਆਂ।

# ਸਿਹਤ ਬੀਮਾ ਯੋਜਨਾ ਸੰਬੰਧੀ ਕੈਂਪ

**ਸੁਲਤਾਨਪੁਰ ਲੋਧੀ, (ਹਨੀ)**

ਪੰਜਾਬ ਸਰਕਾਰ ਦੁਆਰਾ ਚਲਾਈ ਗਈ 10 ਲੱਖ ਰੁਪਏ ਪ੍ਰਤੀ ਵਿਅਕਤੀ ਸਿਹਤ ਬੀਮਾ ਯੋਜਨਾ ਸੰਬੰਧੀ ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਦੀ ਅਗਵਾਈ ਹੇਠ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਬਲਵਿੰਦਰ ਸਿੰਘ ਦੀ ਦੇਖਰੇਖ ਹੇਠ ਇਕ ਸੁਵਿਧਾ ਕੈਂਪ ਬੂਲਪੁਰ ਵਿਖੇ ਲਗਾਇਆ ਗਿਆ। ਇਸ ਕੈਂਪ ਦੌਰਾਨ ਪਿੰਡ ਬੂਲਪੁਰ ਦੇ ਨਿਵਾਸੀਆਂ ਦੇ ਸਿਹਤ ਬੀਮਾ ਯੋਜਨਾ ਸਬੰਧੀ ਕਾਰਡ ਬਣਾਉਣ ਲਈ ਪਰਚੀਆਂ ਜਾਰੀ ਕੀਤੀਆਂ ਗਈਆਂ ਤੇ ਸੰਬੰਧਿਤ ਲਾਭਪਾਤਰੀਆਂ ਨੂੰ ਸੌਂਪੀਆਂ ਗਈਆਂ। ਇਸ ਸੰਬੰਧੀ ਜਾਣਕਾਰੀ ਦਿੰਦੇ ਹੋਏ ਮੁਹੰਮਦ ਰਫੀ ਚੇਅਰਮੈਨ ਮਾਰਕੀਟ ਕਮੇਟੀ ਸੁਲਤਾਨਪੁਰ ਲੋਧੀ ਤੇ ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਤੇ ਮੈਂਬਰ ਪੰਚਾਇਤ ਬਲਵਿੰਦਰ ਸਿੰਘ ਨੇ ਦੱਸਿਆ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਦੁਆਰਾ ਸਿਹਤ ਯੋਜਨਾ ਗਾਰੰਟੀ ਦੇ ਵਾਅਦੇ ਨੂੰ ਪੂਰਾ ਕਰਦੇ ਹੋਏ ਆਮ ਆਦਮੀ ਪਾਰਟੀ ਦੇ ਰਾਸ਼ਟਰੀ ਕਨਵੀਨਰ ਅਰਵਿੰਦ ਕੇਜਰੀਵਾਲ ਤੇ ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਨੇ ਇਹ ਰਾਜ ਸਰਕਾਰ ਦੀ ਸਿਹਤ ਬੀਮਾ ਯੋਜਨਾ ਦੀ ਸ਼ੁਰੂਆਤ ਕੀਤੀ ਹੈ। ਜਿਸ ਵਿੱਚ ਹਰ ਪਰਵਾਰ ਨੂੰ 10 ਲੱਖ ਤੱਕ ਪ੍ਰਾਈਵੇਟ ਤੇ ਸਰਕਾਰੀ ਹਸਪਤਾਲਾਂ ਵਿੱਚ ਨਕਦੀ ਰਹਿਤ ਇਲਾਜ ਵਿਚ ਵੱਖ ਵੱਖ ਬਿਮਾਰੀਆਂ, ਸਰਜਰੀ ਤੇ ਦਵਾਈਆਂ ਦੀ ਸਹੂਲਤ ਮਿਲੇਗੀ। ਇਸ ਵਿੱਚ ਪੰਜਾਬ ਰਾਜ ਦੇ ਸਾਰੇ ਪਰਵਾਰ (ਆਮ ਆਦਮੀ, ਸਰਕਾਰੀ ਕਰਮਚਾਰੀ, ਬਜ਼ੁਰਗ, ਆਦਿ ਜਿਸ ਵਿੱਚ ਕੋਈ ਆਮਦਨੀ ਦੀ ਲਿਮਿਟ ਨਹੀਂ ਹੈ।ਉਹ ਸਾਰੇ ਲਾਭ ਲੈ ਸਕਦੇ ਹਨ। ਉਹਨਾਂ ਕਿਹਾ ਕਿ ਇਹ ਕੈਂਪ ਪਿੰਡ ਬੂਲਪੁਰ ਵਿਖੇ ਲਗਾਤਾਰ ਚੱਲ ਰਿਹਾ ਹੈ। ਜਿਥੇ ਹੋਰ ਵੀ ਪਿੰਡ ਵਾਸੀ ਲਾਭ ਉਠਾ ਸਕਦੇ ਹਨ। ਇਸ ਮੌਕੇ ਤੇ ਡਾ ਸਵਿਤੋਜ ਸਿੰਘ, ਜਗਜੀਤ ਸਿੰਘ, ਲਾਲ ਸਿੰਘ, ਨਿਰਵੈਰ ਸਿੰਘ ਆਦਿ ਹਾਜ਼ਰ ਸਨ।



# ਪੰਜਾਬ 'ਵਰਸਿਟੀ ਦੇ ਸੈਨਿਟ ਉਮੀਦਵਾਰ ਸੁਖਵਿੰਦਰ ਸਿੰਘ ਨੂੰ ਮੁਕੇਰੀਆਂ ਤੋਂ ਮਿਲਿਆ ਸਮਰਥਨ

**ਅੱਡਾ ਸਰਾਂ (ਜਸਵੀਰ ਕਾਜਲ)**

ਮੁਕੇਰੀਆਂ ਵਿਖੇ ਸਥਾਨਕ ਵੈਸਟਨ ਵਿੱਲਾ ਪੈਲਸ ਵਿਖੇ ਵੱਡੀ ਗਿਣਤੀ ਵਿਚ ਵੋਟਰਾਂ ਅਤੇ ਸਪੋਟਰਾਂ ਦੀ ਮੀਟਿੰਗ ਹੋਈ ਜਿਸ ਵਿੱਚ ਵਿਸ਼ੇਸ਼ ਤੌਰ ਤੇ ਪਹੁੰਚੇ ਪੰਜਾਬ ਯੂਨੀਵਰਸਿਟੀ ਸੈਨਿਟ ਦੇ ਉਮੀਦਵਾਰ ਪੀ ਸੀ ਐਸ ਸ੍ਰੀ ਸੁਖਵਿੰਦਰ ਸਿੰਘ ਈਟੀਓ ਹੁਸ਼ਿਆਰਪੁਰ ਨੂੰ ਮੁਕੇਰੀਆਂ ਦੇ ਸਾਥੀਆਂ ਵੱਲੋਂ ਵੱਡਾ ਸਮਰਥਨ ਦਿੱਤਾ ਗਿਆ ਕਿ ਆਉਣ ਵਾਲੀਆਂ ਸੈਨਟ ਦੀਆਂ ਚੋਣਾਂ ਜੋ ਕਿ 20 ਸਤੰਬਰ 2026 ਨੂੰ ਹੋ ਰਹੀਆਂ ਹਨ ਉਸ ਵਿਚ ਉਹਨਾਂ ਨੂੰ ਮੁਕੇਰੀਆਂ ਤੋਂ ਵੱਡੀ ਗਿਣਤੀ ਵਿੱਚ ਵੋਟਾਂ ਪਾ ਕੇ ਪੰਜਾਬ ਯੂਨੀਵਰਸਿਟੀ ਵਿਚ ਭੇਜਿਆ ਜਾਵੇਗਾ। ਇਸ ਮੀਟਿੰਗ ਵਿੱਚ ਸੰਬੋਧਨ ਕਰਦਿਆਂ ਸੁਖਵਿੰਦਰ ਸਿੰਘ ਈ ਟੀ ਓ ਨੇ ਕਿਹਾ ਕਿ ਮੈਂ ਬੱਚਿਆਂ ਦੇ ਭਵਿੱਖ ਸਬੰਧੀ ਸਿੱਖਿਆ ਨੀਤੀਆਂ ਨੂੰ ਵਧੀਆ ਤਰੀਕੇ ਨਾਲ ਲਾਗੂ ਕਰਵਾਉਣ ਲਈ ਵਚਨਬੱਧ ਰਹਾਂਗਾ ਤੇ ਬੱਚਿਆਂ ਲਈ ਵਧੀਆ ਕੋਰਸਾਂ ਨੂੰ ਕਾਲਜਾਂ ਦੇ ਵਿੱਚ ਲਿਆਂਦਾ ਜਾਵੇਗਾ, ਫੀਸਾਂ ਨੂੰ ਘੱਟ ਕੀਤਾ ਜਾਵੇਗਾ। ਵਿਦਿਆਰਥੀ ਪੱਖੀ ਨੀਤੀਆਂ ਵੱਲ ਯੂਨੀਵਰਸਿਟੀ ਦਾ ਧਿਆਨ ਦਿਵਾਇਆ ਜਾਵੇਗਾ ਤਾਂ ਕਿ ਸਾਡੇ ਬੱਚੇ ਵੱਧ ਚੜ ਕੇ ਆਫਿਸਰ ਬਣ ਸਕਣ ਬੱਚਿਆਂ ਨੂੰ ਪ੍ਰੀਖਿਆਵਾਂ ਦੀ ਤਿਆਰੀ ਸਬੰਧੀ ਜੋ ਸਮੱਸਿਆਵਾਂ ਆ ਰਹੀਆਂ ਉਹਨਾਂ ਨੂੰ ਦੂਰ ਕੀਤਾ ਜਾਵੇਗਾ। ਇਸ ਵਿੱਚ ਵੱਡੀ ਗਿਣਤੀ ਵਿੱਚ ਮੁਕੇਰੀਆਂ ਤੋਂ ਸਾਥੀ ਪਹੁੰਚੇ ਹੋਏ ਸਨ ਜਿਸ ਬੀ ਐੱਨ ਓ ਅਸ਼ੋਕ ਬਹਿਲ ਡਾਲੋਵਾਲ ਜੀ ਬੀ ਐੱਨ ਓ ਰੇਸ਼ਮ ਸਿੰਘ, ਮਾਸਟਰ ਜਤਿੰਦਰ ਸੰਧੂ, ਮਾਸਟਰ ਬਿਪਨ ਕੁਮਾਰ, ਮਾਸਟਰ ਅਜੇ ਠਾਕੁਰ, ਜਤਿੰਦਰ ਸਿੰਘ ਚੌਹਾਨ, ਸੀ ਐਚ ਟੀ ਰਕੇਸ਼, ਮਾਸਟਰ ਅਨਿਲ ਕੁਮਾਰ, ਮਾਸਟਰ ਹਰਿੰਦਰ ਸਿੰਘ, ਮੈਨੇਜਰ ਗੁਰਮੀਤ ਸਿੰਘ, ਦਰਸ਼ਨ ਸਿੰਘ, ਖੁਸ਼ਹਾਲ ਚੰਦ ਸਰਪੰਚ ਮੁਸਾਹਿਬਪੁਰ, ਦਰਸ਼ਨ ਸਿੰਘ, ਰੂਪ ਲਾਲ ਮੁਕੇਰੀਆ, ਮਾਸਟਰ ਅਸ਼ੋਕ ਭਾਟੀਆ, ਮੋਹਨ ਲਾਲ ਤੱਖੀ, ਕੁਲਦੀਪ ਸਿੰਘ ਡੀਪਸੀ, ਸਤਨਾਮ ਸਿੰਘ ਚੀਮਾ, ਦਲਜੀਤ ਸਿੰਘ ਬਿੱਟਾ, ਯੋਗਰਾਜ ਸੰਜੀਵ ਕੁਮਾਰ ਮੁਸਾਹਿਬਪੁਰ, ਹੈਡਮਾਸਟਰ ਕਰਨੈਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਸਾਥੀਆਂ ਨਾਲ ਸ਼ਾਮਲ ਹੋਏ।



# ਸੰਤ ਬਾਬਾ ਦੂਲਾ ਸਿੰਘ ਦੀ ਸਾਲਾਨਾ ਬਰਸੀ ਸੰਬੰਧੀ ਪੋਸਟਰ ਰਿਲੀਜ਼



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)**

ਪਿੰਡ ਖੇੜਾ ਠੱਕਰਵਾਲ ਵਿਖੇ ਡੇਰਾ ਤੱਪ ਅਸਥਾਨ 108 ਸੰਤ ਬਾਬਾ ਦੂਲਾ ਸਿੰਘ ਜੀ ਦੇ ਅਸਥਾਨ ਤੇ ਸਮੂਹ ਨਗਰ ਨਿਵਾਸੀ, ਗ੍ਰਾਮ ਪੰਚਾਇਤ, ਪ੍ਰਵਾਸੀ ਭਾਰਤੀਆਂ ਤੇ ਇਲਾਕੇ ਦੇ ਸਹਿਯੋਗ ਨਾਲ ਡੇਰੇ ਵੱਲੋਂ ਬ੍ਰਹਮ ਗਿਆਨੀ 108 ਸੰਤ ਬਾਬਾ ਦੂਲਾ ਸਿੰਘ ਦੀ ਸਲਾਨਾ ਬਰਸੀ 1 ਮਾਰਚ ਨੂੰ ਸ਼ਰਧਾ ਭਾਵਨਾ ਨਾਲ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਮਨਾਈ ਜਾ ਰਹੀ ਹੈ। ਇਸ ਮੌਕੇ ਡੇਰੇ ਦੇ ਮੁੱਖ ਸੇਵਾਦਾਰ ਸੰਤ ਬਾਬਾ ਜਸਵੰਤ ਸਿੰਘ ਖੇੜਾ ਦੀ ਅਗਵਾਈ ਹੇਠ ਸੰਗਤਾਂ ਵੱਲੋਂ ਪੋਸਟਰ ਰਿਲੀਜ਼ ਕੀਤੇ ਗਏ। ਉਨ੍ਹਾਂ ਦੱਸਿਆ ਕਿ 27 ਫਰਵਰੀ ਨੂੰ ਸ੍ਰੀ ਅਖੰਡ ਪਾਠ ਸਾਹਿਬ ਜੀ ਆਰੰਭ ਕੀਤੇ ਜਾਣਗੇ। ਜਿਨ੍ਹਾਂ ਦੇ ਭੋਗ 1 ਮਾਰਚ ਨੂੰ ਭੋਗ ਪਾਏ ਜਾਣਗੇ। ਉਪਰੰਤ ਦੀਵਾਨ ਹਾਲ ਵਿੱਚ ਸੰਤ ਸਮਾਗਮ ਤੇ ਕੀਰਤਨ ਦਰਬਾਰ ਕਰਵਾਏ ਜਾ ਰਹੇ ਹਨ ਜਿਸ ਵਿੱਚ ਇਲਾਕੇ ਭਰ ਤੋਂ ਸਾਧੂ, ਸੰਤ, ਮਹਾਂਪੁਰਸ਼ਾਂ, ਰਾਗੀ, ਢਾਡੀ, ਕਵੀਸ਼ਰ, ਪ੍ਰਚਾਰਕ ਗੁਰਬਾਣੀ ਗੁਰਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਇਸ ਮੌਕੇ ਪੋਸਟਰ ਰਿਲੀਜ਼ ਕਰਨ ਸਮੇਂ ਸੰਤ ਬਾਬਾ ਜਸਵੰਤ ਸਿੰਘ ਖੇੜਾ, ਲਵਪ੍ਰੀਤ ਸਿੰਘ, ਸੁੱਖਾ ਸਿੰਘ, ਗੁਰਮੇਲ ਸਿੰਘ ਬਿੱਲਾ ਖੇੜਾ, ਸਰਬਜੀਤ ਕੁਮਾਰ ਤੋਤਾ, ਮਨਪ੍ਰੀਤ ਕੌਰ, ਦਲਜੀਤ ਕੌਰ, ਬਲਵੀਰ ਕੌਰ, ਸਰਬਜੀਤ ਕੌਰ, ਨਰਿੰਦਰ ਸਿੰਘ ਮੌਜੋਮਜਾਰਾ, ਚਰਨਜੀਤ ਸਿੰਘ, ਕਰਨ, ਰਾਮ ਠੱਕਰਵਾਲ, ਬਲਵਿੰਦਰ ਸਿੰਘ, ਬਲਵੀਰ ਸਿੰਘ ,ਜਸਵੀਰ ਕੌਰ ਭੁੰਗਰਨੀ ਆਦ ਹਾਜ਼ਰ ਸਨ।

# ਅਥਲੈਟਿਕ ਮੀਟ 'ਚ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਅੱਵਲ

**ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)**

ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਦੀ ਦੇਖ-ਰੇਖ ਹੇਠ ਸਾਲਾਨਾ ਅਥਲੈਟਿਕ ਮੀਟ ਕਰਵਾਈ ਗਈ। ਅਥਲੈਟਿਕ ਮੀਟ ਵਿਚ ਬਤੌਰ ਮੁੱਖ ਮਹਿਮਾਨ ਉੱਘੇ ਸਮਾਜ ਸੇਵੀ ਤੇ ਕਾਰੋਬਾਰੀ ਹਰਦੇਵ ਸਿੰਘ ਕਾਹਮਾ ਵਲੋਂ ਸ਼ਿਰਕਤ ਕੀਤੀ ਗਈ। ਇਸ ਮੌਕੇ ਸ਼ਬਦ ਗਾਇਨ ਉਪਰੰਤ ਮੁੱਖ ਮਹਿਮਾਨ ਹਰਦੇਵ ਸਿੰਘ ਕਾਹਮਾ ਵਲੋਂ ਝੰਡਾ ਲਹਿਰਾਉਣ ਦੀ ਉਪਰੰਤ ਮਾਰਚ ਪਾਸਟ ਤੋਂ ਸਲਾਮੀ ਲਈ ਗਈ। ਮਸ਼ਾਲ ਪ੍ਰਚੰਡ ਅਤੇ ਸਹੁੰ ਚੁੱਕ ਦੀ ਰਸਮ ਉਪਰੰਤ ਮੁੱਖ ਮਹਿਮਾਨ ਹਰਦੇਵ ਸਿੰਘ ਕਾਹਮਾ ਨੇ ਖੇਡ ਮੁਕਾਬਲਿਆਂ ਨੂੰ ਆਰੰਭ ਕਰਨ ਦੀ ਘੋਸ਼ਣਾ ਉਪਰੰਤ ਅਥਲੈਟਿਕ ਮੀਟ ਦਾ ਹਵਾ 'ਚ ਗੁਬਾਰੇ ਛੱਡਕੇ ਉਦਘਾਟਨ ਕੀਤਾ। ਪ੍ਰਿੰਸੀਪਲ ਡਾ. ਅਮਨਦੀਪ ਹੀਰਾ ਨੇ ਸੰਬੋਧਨ ਕਰਦਿਆਂ ਮੁੱਖ ਮਹਿਮਾਨ ਸ. ਹਰਦੇਵ ਸਿੰਘ ਕਾਹਮਾ ਦਾ ਸਵਾਗਤ ਕਰਦਿਆਂ ਉਨ੍ਹਾਂ ਵਲੋਂ ਕਾਲਜ ਦੀ ਬੇਹਤਰੀ ਅਤੇ ਸਮਾਜ ਸੇਵਾ ਦੇ ਖੇਤਰ ਵਿਚ ਪਾਏ ਵਡਮੁੱਲੇ ਯੋਗਦਾਨ ਦੀ ਪ੍ਰਸ਼ੰਸਾ ਕੀਤੀ। ਮੁੱਖ ਮਹਿਮਾਨ ਸ. ਹਰਦੇਵ ਸਿੰਘ ਕਾਹਮਾ ਨੇ ਆਪਣੇ ਸੰਬੋਧਨ ਵਿਚ ਸਮੂਹ ਸਟਾਫ਼ ਤੇ ਵਿਦਿਆਰਥੀਆਂ ਨੂੰ ਖੇਡ ਮੇਲੇ ਦੀ ਵਧਾਈ ਦਿੱਤੀ। ਕਾਹਮਾ ਨੇ ਕਾਲਜ ਦੇ ਖੇਡ ਅਤੇ ਹੋਰ ਵਿਕਾਸ ਕਾਰਜਾਂ ਲਈ ਆਪਣੇ ਵਲੋਂ 2 ਲੱਖ ਰੁਪਏ ਦੀ ਮਾਇਕ ਮਦਦ ਦੇਣ ਦਾ ਐਲਾਨ ਕੀਤਾ ।ਅਥਲੈਟਿਕ ਮੀਟ ਵਿਚ ਕਾਲਜ ਦੇ ਸਾਬਕਾ ਵਿਦਿਆਰਥੀ ਤੇ ਕੈਨੇਡਾ ਨਿਵਾਸੀ ਸਮਾਜ ਸੇਵੀ ਸ. ਤੀਰਥ ਸਿੰਘ ਰੱਤੂ ਵਲੋਂ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ ਗਈ। ਉਨ੍ਹਾਂ ਆਪਣੇ ਵਲੋਂ ਕਾਲਜ ਲਈ ਸਾਊਂਡ ਸਿਸਟਮ ਖ੍ਰੀਦਣ ਲਈ 31 ਹਜ਼ਾਰ ਦੀ ਰਾਸ਼ੀ ਭੇਟ ਕੀਤੀ।ਅਥਲੈਟਿਕ ਮੀਟ ਵਿਚ ਵਿਦਿਆਰਥੀਆਂ ਦੇ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ, ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਹਾਊਸ ਬਣਾਏ ਗਏ। ਸਭ ਤੋਂ ਵਧੀਆ ਕਾਰਗੁਜ਼ਾਰੀ ਲਈ ਸਾਹਿਬਜ਼ਾਦਾ ਅਜੀਤ ਸਿੰਘ ਹਾਊਸ ਅਵੱਲ ਰਿਹਾ। ਲੜਕਿਆਂ ਵਿਚੋਂ ਵਿਦਿਆਰਥੀ ਜਗਜੋਤ ਸਿੰਘ ਬੈਸਟ ਐਥਲੀਟ ਅਤੇ ਲੜਕੀਆਂ ਵਿਚੋਂ ਹਰਪ੍ਰੀਤ ਕੌਰ ਨੂੰ ਬੈਸਟ ਐਥਲੀਟ ਚੁਣਿਆ ਗਿਆ।ਲੜਕਿਆਂ ਦੇ ਮੁਕਾਬਲੇ ਵਿਚ 100 ਮੀਟਰ ਤੇ 200 ਮੀਟਰ ਦੌੜ ਵਿਚ ਜਗਜੋਤ ਸਿੰਘ, ਸ਼ਾਟ ਪੁੱਟ ਵਿਚ ਹਰਕੀਰਤ ਸਿੰਘ, ਲੌਂਗ ਜੰਪ ਵਿਚ ਸਾਹਿਲ, ਡਿਸਕਸ ਥਰੋ ਵਿਚ ਹਰਕੀਰਤ ਸਿੰਘ, ਤਿੰਨ ਲੱਤੀ ਦੌੜ ਵਿਚ ਹਰਸ਼ਦੀਪ ਤੇ ਸਾਗਰ ਰਾਣਾ, ਬੈਕ ਰੇਸ ਵਿਚ ਹਰਸ਼ਦੀਪ ਸਿੰਘ, ਸੈਕ ਰੇਸ ਤੇ ਲੈਮਨ ਸਪੂਨ ਰੇਸ ਵਿਚ ਹਰਸ਼ਦੀਪ ਨੇ ਪਹਿਲਾ ਸਥਾਨ ਹਾਸਿਲ ਕੀਤਾ। ਲੜਕੀਆਂ ਦੇ ਮੁਕਾਬਲਿਆਂ ਵਿਚ 100 ਮੀਟਰ ਦੌੜ ਵਿਚ ਪਲਕ ਰੂਪਰਾਏ, 200 ਮੀਟਰ ਦੌੜ ਵਿਚ ਸਿਮਰਨਜੀਤ ਕੌਰ, 400 ਮੀਟਰ ਦੌੜ ਵਿਚ ਆਯੂਸ਼ੀ, 800 ਮੀਟਰ ਦੌੜ ਵਿਚ ਨਵਨੀਤ ਕੌਰ, ਸ਼ਾਟ ਪੁੱਟ ਵਿਚ ਹਰਪ੍ਰੀਤ, ਤਿੰਨ ਲੱਤੀ ਦੌੜ ਵਿਚ ਸੰਜਨਾ ਧੀਮਾਨ ਤੇ ਪਲਕ ਰਾਣਾ, ਬੈਕ ਰੇਸ ਵਿਚ ਦ੍ਰਿਸ਼ਟੀ, ਸੈਕ ਰੇਸ ਵਿਚ ਇੰਦਰਪ੍ਰੀਤ, ਲੈਮਨ ਸਪੂਨ ਰੇਸ ਵਿਚ ਸਾਨੀਆ ਨੇ ਪਹਿਲਾ ਸਥਾਨ ਹਾਸਲ ਕੀਤਾ।ਅਥਲੈਟਿਕ ਮੀਟ ਦੀ ਸਫਲਤਾ ਲਈ ਕਾਲਜ ਸਪੋਰਟਸ ਕਮੇਟੀ, ਵੱਖ-ਵੱਖ ਵਿਭਾਗ ਮੁੱਖੀਆਂ ਤੇ ਸਮੂਹ ਸਟਾਫ਼ ਨੇ ਬਾਖੂਬੀ ਜ਼ਿੰਮੇਵਾਰੀ ਨਿਭਾਈ।



# ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ



**ਸੁਲਤਾਨਪੁਰ, (ਹਨੀ)**

ਐੱਸ ਡੀ ਕਾਲਜ ਫਾਰ ਵੂਮੈਨ ਸੁਲਤਾਨਪੁਰ ਲੋਧੀ ਵਿਖੇ ਪ੍ਰਿੰਸੀਪਲ ਡਾਕਟਰ ਵੰਦਨਾ ਸ਼ੁਕਲਾ ਦੀ ਅਗਵਾਈ ਵਿਚ ਪੰਜਾਬੀ ਭਾਸ਼ਾ ਮੰਚ ਤਹਿਤ ਪੰਜਾਬੀ ਵਿਭਾਗ ਵੱਲੋਂ ਅੰਤਰਰਾਸ਼ਟਰੀ ਮਾਤ ਭਾਸ਼ਾ ਦਿਵਸ ਮਨਾਇਆ ਗਿਆ । ਇਸ ਦੌਰਾਨ ਪੋਸਟਰ ਮੇਕਿੰਗ, ਸਲੋਗਨ ਰਾਈਟਿੰਗ ਤੇ ਕਵਿਤਾ ਉਚਾਰਨ ਮੁਕਾਬਲੇ ਕਰਵਾਏ ਗਏ । ਵੱਖ ਵੱਖ ਵਿਦਿਆਰਥੀਆਂ ਵੱਲੋਂ ਮਾਤ ਭਾਸ਼ਾ ਦੀ ਮਹੱਤਤਾ ਨੂੰ ਦਰਸਾਉਂਦੀਆਂ ਕਵਿਤਾਵਾਂ ਪੜ੍ਹੀਆਂ ਗਈਆਂ। ਇਹਨਾਂ ਮੁਕਾਬਲਿਆਂ ਦੌਰਾਨ ਪੋਸਟਰ ਮੇਕਿੰਗ ਮੁਕਾਬਲੇ ਵਿੱਚੋਂ ਬੀ ਸੀ ਏ ਭਾਗ ਦੂਜਾ ਦੀ ਜਸ਼ਨਪ੍ਰੀਤ ਕੌਰ ਪਹਿਲੇ, ਕੋਮਲ ਦੂਜੇ ਤੇ ਬੀ ਏ ਭਾਗ ਦੂਜਾ ਦੀ ਗੁਰਲੀਨ ਕੌਰ ਤੀਜੇ ਸਥਾਨ 'ਤੇ ਰਹੀ । ਸਲੋਗਨ ਰਾਈਟਿੰਗ ਮੁਕਾਬਲੇ 'ਚੋਂ ਬੀ. ਕਾਮ ਭਾਗ ਤੀਜਾ ਦੀ ਸੰਨਜੀਵਨ ਕੌਰ ਪਹਿਲੇ, ਬੀ.ਏ ਭਾਗ ਪਹਿਲਾ ਦੀ ਸ਼ਿਵਾਨੀ ਦੂਜੇ ਅਤੇ ਬੀ.ਏ ਭਾਗ ਪਹਿਲਾ ਦੀ ਮਾਲਨੀ ਤੀਜੇ ਸਥਾਨ 'ਤੇ ਰਹੀ। ਕਵਿਤਾ ਮੁਕਾਬਲੇ 'ਚੋਂ ਬੀ.ਏ ਭਾਗ ਦੂਜਾ ਦੀ ਰਣਜੀਤ ਕੌਰ ਪਹਿਲੇ, ਬੀ.ਏ ਭਾਗ ਤੀਜਾ ਦੀ ਨੇਹਾ ਦੂਜੇ ਅਤੇ ਬੀ.ਏ ਭਾਗ ਤੀਜਾ ਦੀ ਪਾਇਲ ਤੀਜੇ ਸਥਾਨ 'ਤੇ ਰਹੀ। ਪ੍ਰਿੰਸੀਪਲ ਡਾਕਟਰ ਬੰਦਨਾ ਸ਼ੁਕਲਾ ਨੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਆਪਣੀ ਮਾਤ ਭਾਸ਼ਾ ਨੂੰ ਕਦੇ ਵੀ ਭੁੱਲਣਾ ਨਹੀਂ ਚਾਹੀਦਾ, ਜਿਸ ਨਾਲ ਵਿਅਕਤੀ ਹਰ ਤਰ੍ਹਾਂ ਦਾ ਗਿਆਨ ਤੇ ਤਰੱਕੀ ਕਰ ਸਕਦਾ ਹੈ। ਇਸ ਮੌਕੇ ਭਾਰੀ ਗਿਣਤੀ ਵਿੱਚ ਵਿਦਿਆਰਥਣਾ ਤੇ ਸਟਾਫ ਮੈਂਬਰ ਹਾਜ਼ਰ ਸਨ ।

# ਹੋਲਾ ਮਹੱਲਾ ਦੌਰਾਨ ਪ੍ਰਦੂਸ਼ਣ ਰੋਕਥਾਮ ਬੋਰਡ ਵੱਲੋਂ ਲੰਗਰ ਕਮੇਟੀਆਂ ਨੂੰ ਮੁਫਤ ਉਪਲੱਬਧ ਕਰਵਾਏ ਜਾਣਗੇ ਜੈਵਿਕ ਖਪਣਯੋਗ ਬਰਤਨ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**

ਪ੍ਰਦੂਸ਼ਣ ਨੂੰ ਘਟਾਉਣ ਦੇ ਮੰਤਵ ਨਾਲ ਗਰੀਨ ਹੋਲਾ ਮਹੱਲਾ ਮਨਾਉਣ ਦੇ ਵਿਸ਼ੇਸ਼ ਮਿਸ਼ਨ ਨੂੰ ਸਫਲ ਬਣਾਉਣ ਲਈ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਤੇ ਉਪ ਮੰਡਲ ਮੈਜਿਸਟ੍ਰੇਟ ਕਮ ਮੇਲਾ ਅਫਸਰ ਵੱਲੋਂ ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਕਾਰਜਕਾਰੀ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਅਤੇ ਲੰਗਰ ਕਮੇਟੀ ਪ੍ਰਬੰਧਕਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਦੌਰਾਨ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਅਧਿਕਾਰੀਆਂ ਨੇ ਭਰੋਸਾ ਦਿੱਤਾ ਕਿ ਗਰੀਨ ਹੋਲਾ ਮਹੱਲਾ ਮਨਾਉਣ ਦੇ ਮਿਸ਼ਨ ਤਹਿਤ ਲੰਗਰ ਕਮੇਟੀਆਂ ਨੂੰ ਲੋੜੀਦੀ ਮਾਤਰਾਂ ਵਿੱਚ ਜੈਵਿਕ ਖਪਣਯੋਗ ਬਰਤਨ ਮੁਫਤ ਵਿਚ ਉਪਲੱਬਧ ਕਰਵਾਏ ਜਾਣਗੇ।ਲੰਗਰਾਂ ਦਾ ਵੇਸਟ ਮਟੀਰੀਅਲ ਇਕੱਠਾ ਕਰਨ ਲਈ ਕੱਪੜੇ ਅਤੇ ਜੈਵਿਕ ਖਪਣਯੋਗ ਪਦਾਰਥਾਂ ਦੇ ਬਣੇ ਥੈਲੇ ਵੀ ਲੰਗਰ ਕਮੇਟੀਆਂ ਨੂੰ ਮੁਫਤ ਦਿੱਤੇ ਜਾਣਗੇ।

ਤਖਤ ਸ੍ਰੀ ਕੇਸਗੜ੍ਹ ਸਾਹਿਬ ਦੇ ਮੀਟਿੰਗ ਹਾਲ ਵਿੱਚ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਅਤੇ ਲੰਗਰ ਕਮੇਟੀ ਦੇ ਪ੍ਰਬੰਧਕਾਂ ਵੱਲੋਂ ਮੇਲਾ ਅਫਸਰ ਕਮ ਐਸ ਡੀ ਐਮ ਸੁਖਪਾਲ ਸਿੰਘ ਪੀ ਸੀ ਐਸ ਅਤੇ ਪ੍ਰਦੂਸ਼ਣ ਰੋਕਥਾਮ ਬੋਰਡ ਦੇ ਸੀਨੀਅਰ ਅਧਿਕਾਰੀਆਂ ਨਾਲ ਇੱਕ ਵਿਸ਼ੇਸ਼ ਮੀਟਿੰਗ ਕੀਤੀ ਗਈ।ਇਸ ਤੋ ਪਹਿਲਾ 20 ਫਰਵਰੀ ਨੂੰ ਪੀ ਪੀ ਸੀ ਬੀ ਦੇ ਚੇਅਰਪਰਸਨ ਰੀਨਾ ਗੁਪਤਾ ਅਤੇ ਮੈਂਬਰ ਸੈਕਟਰੀ ਲਵਨੀਤ ਦੂਬੇ ਵੱਲੋਂ ਡਿਪਟੀ ਕਮਿਸ਼ਨਰ ਰੂਪਨਗਰ ਅਦਿੱਤਿਆ ਡਚਲਵਾਲ ਅਤੇ ਹੋਰ ਅਧਿਕਾਰੀਆਂ ਨਾਲ ਵਿਸ਼ੇਸ਼ ਮੀਟਿੰਗ ਕਰਕੇ ਪ੍ਰਦੂਸ਼ਣ ਮੁਕਤ ਹੋਲਾ ਮਹੱਲਾ ਮਨਾਉਣ ਬਾਰੇ ਕਿਹਾ ਗਿਆ ਹੈ।ਪ੍ਰਸਾਸ਼ਨ ਵੱਲੋਂ ਇਸ ਵਾਰ ਹੋਲਾ ਮਹੱਲਾ ਦੌਰਾਨ ਸੈਲੰਸਰ ਹਟਾ ਕੇ ਮੋਟਰਸਾਈਕਲ, ਟਰੈਕਟਰ ਤੇ ਹੋਰ ਵਾਹਨ ਚਲਾਉਣ, ਹੁੱਲੜਬਾਜੀ ਅਤੇ ਰੰਗ ਗੁਲਾਲ ਦੀ ਵਰਤੋਂ ਨਾ ਕਰਨ ਦੀ ਅਪੀਲ ਕੀਤੀ ਹੈ।ਜਥੇਦਾਰ ਤਖਤ ਸ੍ਰੀ ਕੇਸਗੜ੍ਹ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਅਪੀਲ ਕੀਤੀ ਕਿ ਪਾਣੀ, ਹਵਾ, ਧਰਤੀ ਨੂੰ ਬਚਾਉਣ ਲਈ ਪ੍ਰਦੂਸ਼ਣ ਦਾ ਖਾਤਮਾ ਬਹੁਤ ਜਰੂਰੀ ਹੈ ਅਤੇ ਮੇਲਾ ਖੇਤਰ ਨੂੰ ਸਾਫ ਸੁਥਰਾ ਰੱਖਿਆ ਜਾਵੇ।ਇਸ ਮੌਕੇ ਐਸ ਡੀ ਐਮ ਸੁਖਪਾਲ ਸਿੰਘ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



# ਨਵੇਂ ਕਾਂਸਟੇਬਲਾਂ ਦੀ ਪਾਸਿੰਗ ਆਊਟ ਪਰੇਡ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**

ਸਹਾਇਕ ਸਿਖਲਾਈ ਕੇਂਦਰ, ਸੀਮਾ ਸੁਰੱਖਿਆ ਬਲ, ਖੜਕਾ ਕੈਂਪ ਸ਼ਹੀਦ ਸਤਪਾਲ ਚੌਧਰੀ ਪਰੇਡ ਗਰਾਊਂਡ ਹੁਸ਼ਿਆਰਪੁਰ ਵਿੱਚ (ਬੈਚ ਨੰਬਰ 277 ਅਤੇ 278) ਨਵੇਂ ਕਾਂਸਟੇਬਲਾਂ ਦੀ ਪਾਸਿੰਗ ਆਊਟ ਪਰੇਡ ਅਤੇ ਸਹੁੰ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਕੁੱਲ 458 ਨਵੇਂ ਕਾਂਸਟੇਬਲ ਪਾਸ ਆਊਟ ਹੋ ਕੇ ਦੇਸ਼ ਸੇਵਾ ਵਿੱਚ ਸ਼ਾਮਲ ਹੋਣਗੇ। ਸ੍ਰੀ ਸਤੀਸ਼ ਸ਼੍ਰੀਰਾਮਜੀ ਖੰਡਾਰੇ, ਭਾਰਤੀ ਪੁਲਿਸ ਸੇਵਾ, ਵਿਸ਼ੇਸ਼ ਮਹਾਨਿਰਦੇਸ਼ਕ, ਸੀਮਾ ਸੁਰੱਖਿਆ ਬਲ (ਪੱਛਮੀ ਕਮਾਂਡ) ਨੂੰ ਮੁੱਖ ਮਹਿਮਾਨ ਵਜੋਂ ਸ੍ਰੀ ਚਾਰੂ ਧਵਜ ਅਗਰਵਾਲ, ਆਈ.ਜੀ. ਸਹਾਇਕ ਸਿਖਲਾਈ ਕੇਂਦਰ ਖੜਕਾ ਵੱਲੋਂ ਸਵਾਗਤ ਕੀਤਾ ਗਿਆ। ਇਸ ਮੌਕੇ ਤੇ ਸਹਾਇਕ ਸਿਖਲਾਈ ਕੇਂਦਰ ਖੜਕਾ ਦੇ ਸਮੂਹ ਸਟਾਫ, ਉਨ੍ਹਾਂ ਦੇ ਪਰਵਾਰਕ ਮੈਂਬਰ, ਸਿਖਿਆਰਥੀਆਂ, ਬੀ ਐੱਸ ਐੱਫ ਦੇ ਰਿਟਾਇਰਡ ਅਧਿਕਾਰੀ ਤੇ ਇਨ੍ਹਾਂ ਨਵੇਂ ਕਾਂਸਟੇਬਲਾਂ ਦੇ ਪਰਵਾਰਕ ਮੈਂਬਰ, ਹੁਸ਼ਿਆਰਪੁਰ ਜ਼ਿਲ੍ਹੇ ਦੇ ਪਤਵੰਤੇ ਵਿਅਕਤੀ ਵੀ ਮੌਜੂਦ ਸਨ। ਪਰੇਡ ਵੱਲੋਂ ਮੁੱਖ ਮਹਿਮਾਨ ਨੂੰ ਜਨਰਲ ਸੈਲਿਊਟ ਨਾਲ ਸਨਮਾਨਤ ਕੀਤਾ ਗਿਆ ਤੇ ਮੁੱਖ ਮਹਿਮਾਨ ਨੇ ਪਰੇਡ ਦਾ ਨਿਰੀਖਣ ਕੀਤਾ। ਪਰੇਡ ਦੀ ਅਗਵਾਈ ਰਾਜਸਥਾਨ ਦੇ ਨਵੇਂ ਕਾਂਸਟੇਬਲ ਆਸ਼ੀਸ਼ ਚੌਹਾਨ ਨੇ ਕੀਤੀ। ਇੰਡੋਰ ਤੇ ਆਊਟਡੋਰ ਵਿਸ਼ਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਨਵੇਂ ਕਾਂਸਟੇਬਲਾਂ ਨੂੰ ਮੁੱਖ ਮਹਿਮਾਨ ਵੱਲੋਂ ਮੈਡਲਾਂ ਨਾਲ ਸਨਮਾਨਿਤ ਕੀਤਾ ਗਿਆ। ਨਵੇਂ ਕਾਂਸਟੇਬਲਾਂ ਨੂੰ ਸੰਬੋਧਨ ਕਰਦੇ ਹੋਏ ਮੁੱਖ ਮਹਿਮਾਨ ਨੇ ਪੂਰੇ ਦਿਲ ਨਾਲ ਪਰੇਡ ਦੌਰਾਂ ਉਨ੍ਹਾਂ ਦੇ ਆਤਮਵਿਸ਼ਵਾਸ, ਕੌਸ਼ਲ ਅਤੇ ਆਪਸੀ ਤਾਲਮੇਲ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਜੋ ਪਰੇਡ ਦੀ ਪਛਾਣ ਹੈ।



# ਬਜ਼ੁਰਗ ਮਾਤਾ ਦੀਆਂ ਅੱਖਾਂ ਨੂੰ ਦਿੱਤੀ ਨਵੀਂ ਰੌਸ਼ਨੀ

**ਫਗਵਾੜਾ (ਡਾ. ਰਮਨ)**

ਸਰਬ ਨੌਜਵਾਨ ਸਭਾ ਫਗਵਾੜਾ ਤੇ ਸਰਬ ਨੌਜਵਾਨ ਵੈਲਫੇਅਰ ਸੁਸਾਇਟੀ ਵੱਲੋਂ ਮਨੁੱਖਤਾ ਦੀ ਇੱਕ ਹੋਰ ਮਿਸਾਲ ਪੇਸ਼ ਕਰਦਿਆਂ 'ਆਓ ਪੁੰਨ ਕਮਾਈਏ' ਲੜੀ ਤਹਿਤ ਇੱਕ ਲੋੜਵੰਦ ਬਜ਼ੁਰਗ ਮਾਤਾ ਦੀ ਅੱਖ ਦਾ ਮੁਫ਼ਤ ਓਪਰੇਸ਼ਨ ਕਰਵਾਇਆ ਗਿਆ। ਸਭਾ ਦੇ ਪ੍ਰਧਾਨ ਸੁਖਵਿੰਦਰ ਸਿੰਘ ਦੀ ਅਗਵਾਈ ਅਤੇ ਪ੍ਰਸਿੱਧ ਉਦਯੋਗਪਤੀ ਜਤਿੰਦਰ ਸਿੰਘ ਕੁੰਦੀ ਵੱਲੋਂ ਪ੍ਰਦਾਨ ਕੀਤੇ ਆਰਥਿਕ ਸਹਿਯੋਗ ਨਾਲ ਅੱਖਾਂ ਦੇ ਮਾਹਿਰ ਡਾ. ਤੁਸ਼ਾਰ ਅਗਰਵਾਲ ਨੇ ਚਿੱਟੇ ਮੋਤੀਏ ਨਾਲ ਪੀੜਤ ਬਜ਼ੁਰਗ ਮਾਤਾ ਵਿਦਿਆ ਦੇਵੀ ਦੀ ਅੱਖ ਦਾ ਸਫਲ ਓਪਰੇਸ਼ਨ ਕਰਕੇ ਫੋਲਡੇਬਲ ਲੈਂਜ਼ ਪਾਇਆ ਅਤੇ ਉਨ੍ਹਾਂ ਨੂੰ ਨਵੀਂ ਰੌਸ਼ਨੀ ਦਿੱਤੀ। ਮੁੱਖ ਮਹਿਮਾਨ ਵਜੋਂ ਐੱਸ ਐੱਚ ਓ ਸਤਨਾਮਪੁਰਾ ਇੰਸਪੈਕਟਰ ਅਮਨਪ੍ਰੀਤ ਕੌਰ ਅਤੇ ਵਿਸ਼ੇਸ਼ ਮਹਿਮਾਨ ਵਜੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੀਆਂ) ਦੀ ਪ੍ਰਿੰਸੀਪਲ ਮੈਡਮ ਮੀਨੂ ਗੁਪਤਾ ਜਦਕਿ ਗੈਸਟ ਆਫ ਆਨਰ ਦੇ ਤੌਰ ਤੇ ਪੰਜਾਬੀ ਸੱਭਿਆਚਾਰ ਪ੍ਰਮੋਟਰ (ਯੂ ਐੱਸ ਏ) ਜੱਸੀ ਬੰਗਾ ਨੇ ਹਾਜਰੀ ਲਗਵਾਈ। ਇੰਸਪੈਕਟਰ ਅਮਨਪ੍ਰੀਤ ਕੌਰ ਨੇ ਨੇਤਰ ਰੋਗੀ ਨੂੰ ਦਵਾਈਆਂ ਭੇਂਟ ਕਰਦਿਆਂ ਕਿਹਾ ਕਿ ਸਰਬ ਨੌਜਵਾਨ ਸਭਾ ਵੱਲੋਂ ਲੋੜਵੰਦਾਂ ਦੀ ਸਹਾਇਤਾ ਲਈ ਕੀਤੇ ਜਾ ਰਹੇ ਉਪਰਾਲੇ ਮਨੁੱਖਤਾ ਦੀ ਮਿਸਾਲ ਹਨ। ਪ੍ਰਿੰਸੀਪਲ ਮੀਨੂ ਗੁਪਤਾ ਨੇ ਸਭਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਸਮਾਜਿਕ ਜ਼ਿੰਮੇਵਾਰੀ ਨਿਭਾਉਣਾ ਵੀ ਹਰ ਨਾਗਰਿਕ ਦਾ ਫਰਜ਼ ਹੈ ਅਤੇ ਲੋੜਵੰਦ ਮਰੀਜ਼ਾਂ ਦੀ ਸਿਹਤ ਸੰਭਾਲ ਲਈ ਅੱਗੇ ਆਉਣਾ ਵੱਡੀ ਸੇਵਾ ਹੈ। ਮਾਤਾ ਵਿਦਿਆ ਦੇਵੀ ਤੇ ਉਨ੍ਹਾਂ ਦੇ ਪਰਵਾਰਿਕ ਮੈਂਬਰਾਂ ਨੇ ਸਰਬ ਨੌਜਵਾਨ ਸਭਾ ਤੇ ਡਾ. ਤੁਸ਼ਾਰ ਅੱਗਰਵਾਲ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸਭਾ ਦੇ ਜਨਰਲ ਸਕੱਤਰ ਡਾ. ਵਿਜੇ ਕੁਮਾਰ, ਪ੍ਰਿਤਪਾਲ ਕੌਰ ਤੁਲੀ (ਕੌਂਸਲਰ), ਉਪ ਪ੍ਰਧਾਨ ਰਵਿੰਦਰ ਸਿੰਘ ਰਾਏ, ਲੈਕਚਰਾਰ ਹਰਜਿੰਦਰ ਗੋਗਨਾ, ਆਰ.ਪੀ. ਸ਼ਰਮਾ, ਜਗਜੀਤ ਸੇਠ ਮੈਨੇਜਰ, ਨਰਿੰਦਰ ਸਿੰਘ ਸੈਣੀ, ਗੁਰਦੀਪ ਸਿੰਘ ਤੁਲੀ ਸੀਨੀਅਰ ਆਪ ਆਗੂ, ਵਿਨੋਦ ਭਾਸਕਰ ਆਪ ਆਗੂ, ਗੁਲਸ਼ਨ ਕਪੂਰ, ਰਣਜੀਤ ਸਿੰਘ ਬੇਦੀ, ਅਨੂਪ ਦੁੱਗਲ, ਸੁਧਾ ਬੇਦੀ, ਗੁਰਜੀਤ ਕੌਰ, ਸੁਖਪ੍ਰੀਤ ਕੌਰ ਆਦਿ ਹਾਜ਼ਰ ਸਨ।



